# ਰਾਸ਼ਟਰ ਭਾਸ਼ਾ

ਸੰਤ ਇੰਦਰ ਸਿੰਘ ‘ਚੱਕਰਵਰਤੀ’

# ਰਾਸ਼ਟਰ ਭਾਸ਼ਾ

51654

ਇੰਦਰ ਸਿੰਘ 'ਚਕ੍ਰਵਰਤੀ'

ਅਠ ਆਨੇ

1959 ਈ੦

ਪਹਿਲੀ ਵਾਰ ਵੈਸਾਖ ੨੦੦੬–੧੦੦੦
ਦੂਜੀ ਵਾਰ ਕੱਤਕ ੨੦੦੬–੧੦੦੦

ਗਿਆਨੀ ਗੁਰਦਿੱਤ ਸਿੰਘ ਪ੍ਰਿੰਟਰ ਤੇ ਪਬਲਿਸ਼ਰ
ਨੇ 'ਪ੍ਰਕਾਸ਼ ਪ੍ਰੈਸ' ਪਟਿਆਲਾ ਤੋਂ ਛਾਪ ਕੇ
ਪ੍ਰਕਾਸ਼ਤ ਕੀਤਾ ।

ਪ੍ਰੋਫੈਸਰ (ਡਾ.) ਸੁਰਿੰਦਰ ਸਿੰਘ ਕੋਹਲੀ
ਦੇ ਪਰਿਵਾਰ ਵਲੋਂ ਭੇਟਾ

S. Kohli
51/150

# ਪੰਜਾਬੀ ਮਾਂ ਨੂੰ

51654

ਪਿਆਰ ਤੇ ਸਤਿਕਾਰ ਸਹਿਤ—
ਸ੍ਰੀਮਾਨ ਸਰਦਾਰ ਸੁਰਿੰਦ੍ਰ ਸਿੰਘ
ਜੀ ਕੋਹਲੀ ਨੂੰ
ਧੰਨਵਾਦ ਸਹਿਤ—
ਸੰਤ-ਇੰਦਰ ਸਿੰਘ ਚਕ੍ਰਵਰਤੀ
੧੯ ਪੋਹ 2006
ਪਟਿਆਲਾ

ਪ੍ਰੋਫੈਸਰ (ਡਾ.) ਸੁਰਿੰਦਰ ਸਿੰਘ ਕੋਹਲੀ
ਦੇ ਪਰਿਵਾਰ ਵਲੋਂ ਭੇਟਾ

ਸੰਤ ਇੰਦਰ ਸਿੰਘ 'ਚਕ੍ਰਵਰਤੀ'

# ਪਹਿਲੀਆਂ ਗੱਲਾਂ

'ਰਾਸ਼ਟਰ ਭਾਸ਼ਾ' ਇਕ-ਅੰਗੀ, ਜਿਸ ਨੂੰ ਆਪ ਹੁਣੇ ਹੁਣੇ ਪੜ੍ਹੋਗੇ, ਕਿਸੇ ਗ਼ਲਤ ਪ੍ਰਾਪੇਗੰਡੇ ਦੇ ਖ਼ਿਆਲ ਨਾਲ ਨਹੀਂ ਲਿਖਿਆ ਅਰ ਨਾ ਹੀ ਹਿੰਦੀ ਦਾ ਮਖ਼ੌਲ ਉਡਾਣ ਲਈ ਲਿਖਿਆ ਹੈ। ਮੈਂ ਤੇ ਸ਼੍ਰੀ ਕ੍ਰਿਸ਼ਨ ਦਾਸ ਜੀ ਦੇ ਇਹਨਾਂ ਸ਼ਬਦਾਂ ਨਾਲ, ਜੋ ਉਹਨਾਂ ਜੂਨ ੧੯੪੯ ਦੇ 'ਨਯਾ ਹਿੰਦ' ਨਾਮੀ ਪਤ੍ਰ ਵਿਚ ਲਿਖੇ ਹਨ, ਪੂਰੀ ਤਰ੍ਹਾਂ ਸਹਿਮਤ ਹਾਂ—

"ਭਾਸ਼ਾ ਕੇ ਸੁਆਲ ਪਰ ਦੇਸ਼-ਦ੍ਰੋਹੀਓਂ ਕੇ ਹਾਥੋਂ ਮੇਂ ਨਹੀਂ ਖੇਲਨਾ ਚਾਹਤੇ—ਹਮ ਭਾਸ਼ਾ ਕੇ ਸਵਾਲ ਕੋ ਜਨਤਾ ਕੀ ਨਜ਼ਰ ਸੇ ਦੇਖਨਾ ਚਾਹਤੇ ਹੈਂ।"

ਇਸੇ ਤਰ੍ਹਾਂ ਮੈਂ ਪੰਜਾਬ ਵਿਚ ਹਿੰਦੀ ਤੇ ਪੰਜਾਬੀ ਨੂੰ ਜਨਤਾ ਦੀ ਨਜ਼ਰ ਤੇ ਇਨਸਾਫ਼ ਨਾਲ ਵੇਖਣਾ ਚਾਹਦਾ ਹਾਂ, ਕੋਈ ਝਗੜਾ ਖੜਾ ਕਰਨ ਲਈ ਨਹੀਂ। ਮੈਂ ਅਮਨ, ਇਤਿਫ਼ਾਕ ਅਰ ਸ਼ਾਂਤੀ ਦਾ ਹਾਮੀ ਹਾਂ।

ਅਜ ਜਦ ਕਿ ਸਾਡਾ ਦੇਸ਼ ਆਜ਼ਾਦ ਹੈ ਅਰ ਦੇਸ਼ ਉਤੇ ਕੌਮੀ ਸੰਸਥਾ ਕਾਂਗਰਸ ਦਾ ਸ਼ਾਸਨ ਹੈ, ਕਾਂਗਰਸ ਦਾ ਇਕ ਅਦਨਾ ਸੇਵਕ ਹੋਣ ਕਰ ਕੇ ਮੈਂ ਅਜੇਹੇ ਕਿਸੇ ਵੀ ਅੰਦੋਲਨ ਨੂੰ ਪਸੰਦ ਨਹੀਂ ਕਰਦਾ, ਜਿਸ ਨਾਲ ਫ਼ਿਰਕਾ ਪ੍ਰਸਤੀ ਦੀ ਅਗ ਪ੍ਰਜ੍ਵਲਤ ਹੋਵੇ, ਤੇ ਦੇਸ਼ ਵਿਚ ਅਰਾਜਕਤਾ ਦੇ ਆਸਾਰ ਪੈਦਾ ਹੋਣ।

ਜਿਸ ਤਰ੍ਹਾਂ ਪੰਜਾਬ ਵਿਚ ਕੁਝ ਫ਼ਿਰਕਾ ਪ੍ਰਸਤ ਸੰਘੀ ਤੇ ਮਹਾਂ-ਸਭਾਈ ਹਿੰਦੂ, ਪੰਜਾਬੀ ਦੇ ਖ਼ਿਲਾਫ਼ ਬੇਮਤਲਬ ਪ੍ਰਾਪੇਗੰਡਾ ਕਰ ਕੇ ਹਿੰਦੂ ਸਿਖਾਂ ਵਿਚਕਾਰ ਕਸ਼ੀਦਗੀ ਦੀ ਖਾਈ ਨੂੰ ਗਹਿਰਾ ਕਰ ਰਹੇ

ਹਨ, ਉਸ ਨਾਲ ਮੈਨੂੰ ਸਖ਼ਤ ਖੇਦ ਪੁਜਦਾ ਹੈ।

ਕੋਈ ਵੀ ਸੂਬਾ ਅਜੇਹਾ ਨਹੀਂ ਜੋ ਆਪਣੀ ਮਾਦਰੀ ਜ਼ਬਾਨ ਨਾਲ ਨਫ਼ਰਤ ਕਰੇ। ਗੁਜਰਾਤ ਦੇ ਗੁਜਰਾਤੀ ਮੁਸਲਮਾਨ, ਤੇ ਬੰਗਾਲ ਦੇ ਬੰਗਾਲੀ ਕਿਸੇ ਕੀਮਤ ਤੇ ਵੀ ਆਪਣੀ ਮਾਤ ਭਾਸ਼ਾ ਛੱਡਣ ਲਈ ਤਿਆਰ ਨਹੀਂ!

ਇਕ ਵਾਰ ਮੈਨੂੰ ਬੰਬਈ ਦੀ ਜੁਮਾ ਮਸਜਿਦ ਵੇਖਣ ਦਾ ਮੌਕਾ ਮਿਲਿਆ। ਓਥੇ ਇਕ ਮੌਲਵੀ ਸਾਹਿਬ ਮੁਸਲਿਮ ਬਚਿਆਂ ਨੂੰ ਗੁਜਰਾਤੀ ਪੜ੍ਹਾ ਰਹੇ ਸਨ। ਮੈਂ ਜਦ ਹੈਰਾਨੀ ਨਾਲ ਪੁਛਿਆ ਕਿ ਮੌਲਵੀ ਸਾਹਿਬ ਏਹ ਕੀ ਕਰ ਰਹੇ ਹੋ? ਤਾਂ ਉਹਨਾਂ ਤਹੱਮਲ ਤੇ ਸਰਲਤਾ ਨਾਲ ਜਵਾਬ ਦਿੱਤਾ—'ਗੁਜਰਾਤੀ ਹਮਾਰੀ ਮਾਦਰੀ ਜ਼ਬਾਨ ਹੈ। ਇਸੇ ਬਚੋਂ ਕੋ ਪੜ੍ਹਾ ਰਹਾ ਹੂੰ।' ਪਰ ਇਕ ਅਸੀਂ ਪੰਜਾਬੀ ਹਾਂ ਜੋ ਆਪਣੀ ਮਾਤ ਭਾਸ਼ਾ, ਜੋ ਹਿੰਦੂ ਤੇ ਸਿਖ ਦੀ ਇਕੋ ਜੇਹੀ ਆਪਣੀ ਹੈ, ਨੂੰ ਨਫ਼ਰਤ ਨਾਲ ਤਕ ਰਹੇ ਹਾਂ ਅਰ ਇਸ ਵਿਚ ਵੀ ਫ਼ਿਰਕਾ ਪ੍ਰਸਤੀ ਦੇ ਜ਼ਹਿਰੀਲੇ ਅਣੂ ਪੈਦਾ ਕਰ ਰਹੇ ਹਾਂ। ਹਿੰਦੀ ਜਿਤਨਾ ਚਿਰ ਏਨੀ ਸਰਲ ਤੇ ਸੁਖੈਨ ਨਾ ਹੋਵੇ, ਜਿਸ ਨੂੰ ਆਸਾਨੀ ਨਾਲ ਹਰ ਕੋਈ ਸਮਝ ਸਕੇ ਉਤਨਾ ਚਿਰ ਇਸ ਲਈ ਅੰਗਰੇਜ਼ੀ ਦਾ ਜਾ-ਨਸ਼ੀਨ ਹੋਣਾ ਬੜਾ ਕਠਿਨ ਹੈ। ਅੰਗਰੇਜ਼ ਨੇ ਏਹ ਕਦੇ ਨਹੀਂ ਸੀ ਮਹਿਸੂਸਿਆ ਕਿ ਵਿਦਿਆ ਕੇਵਲ ਵਿਦਿਆ ਸਮਝਕੇ ਹਰ ਇਕ ਦੇਸ਼ ਵਾਸੀ ਨੂੰ ਦਿਤੀ ਜਾਏ। ਉਹ ਤੇ ਆਪਣੀ ਮਸ਼ੀਨਰੀ ਨੂੰ ਮਜ਼ਬੂਤ ਤੇ ਰਿੜ੍ਹਦਾ ਰਖਣ ਲਈ ਕੁਝ ਦੇਸੀ ਪੁਰਜ਼ੇ-ਕਲਰਕ—ਘੜ ਕੇ ਕੰਮ ਚਲਾਣਾ ਚਾਹੁੰਦਾ ਸੀ, ਪਰ ਹੁਣ ਅਵਸਥਾ ਉਹ ਨਹੀਂ।

ਅੰਗਰੇਜ਼ੀ ਮਤਰੇਈ ਹੋਣ ਕਰ ਕੇ ਸਾਡੇ ਆਦਰ ਦੀ ਪਾਤਰ ਨਹੀਂ ਬਣ ਸਕੀ, ਪਰ ਹਿੰਦੀ ਓਪਰੀ ਨਹੀਂ ਸਗੋਂ ਸਾਡੀ ਆਪਣੀ ਹੈ। ਸਾਡੀ ਹਰ ਸੂਬਾਈ ਮਾਤ-ਭਾਸ਼ਾ ਦੀ ਵੱਡੀ ਅੰਮਾਂ ਹੈ। ਵੱਡੇ

ਵਡੇਰੇ ਆਪਣੀ ਆਪੂੰ ਜੰਮੀ ਔਲਾਦ ਦਾ ਬੁਰਾ ਨਹੀਂ ਕਰ ਸਕਦੇ। ਅਸੀਂ ਹਿੰਦੀ ਨੂੰ ਕੌਮੀ ਜ਼ਬਾਨ ਦੇ ਤਖ਼ਤਿ-ਤਾਊਸ ਤੇ ਬੈਠਾ ਕੇ ਸ਼ਹਨਸ਼ਾਹੀਅਤ ਦੀ ਪਦਵੀ ਦੇਣੀ ਹੈ, ਪਰ ਉਹ 'ਸਮਰਾਟ' ਨਿਰਦਈ ਤੇ ਜ਼ਾਲਿਮ ਸਮਝਿਆ ਜਾਂਦਾ ਹੈ, ਜੋ ਆਪਣੇ ਮਾਤਹਿਤ ਸੂਬਿਆਂ ਨੂੰ ਖ਼ਤਮ ਹੀ ਕਰ ਦਏ। ਫਿਰ ਇਸ ਜਨਤਕ ਜੁਗ ਵਿਚ ਤੇ ਅਜੇਹਾ ਕਰਨਾ ਕਿਸੇ ਤਰ੍ਹਾਂ ਵੀ ਉਚਿਤ ਨਹੀਂ ਕਿਹਾ ਜਾ ਸਕਦਾ।

ਸੂਬਾਈ ਬੋਲੀਆਂ ਦਾ ਸੰਬੰਧ ਬੜਾ ਨੇੜੇ ਦਾ ਤੇ ਗਹਿਰਾ ਹੈ। ਸ਼੍ਰੀ ਕੇ. ਐਮ. ਮੁਨਸ਼ੀ ਜੀ ਨੇ ਮੇਰੇ ਨਾਲ ਇਕ ਵੇਰ ਗੱਲਾਂ ਕਰਦਿਆਂ ਕਿਹਾ ਸੀ ਕਿ ਮੇਰੇ ਲਈ ਉਰਦੂ ਨਾਲੋਂ ਪੰਜਾਬੀ ਨੂੰ ਸਮਝਣਾ ਸੌਖਾ ਹੈ, ਕਿਉਂਕਿ ਗੁਜਰਾਤੀ ਤੇ ਪੰਜਾਬੀ ਦੇ 'ਸ਼ਬਦ ਕੋਸ਼' ਦਾ ਪ੍ਰਸਪਰ ਬੜਾ ਨੇੜੇ ਦਾ ਸੰਬੰਧ ਹੈ।

ਏਸੇ ਤਰ੍ਹਾਂ ਸੰਨ ੪੯ ਦੇ 'ਨਯਾ ਹਿੰਦ' ਵਿਚ ਸ਼੍ਰੀ ਕ੍ਰਿਸ਼ਨ ਦਾਸ ਜੀ ਨੇ ਆਪਣੇ ਇਕ ਬੰਗਾਲੀ ਮਿਤ੍ਰ ਦੀ ਜ਼ਬਾਨੀ ਆਖਿਆ ਹੈ:–

"ਹਮਾਰੀ ਬੰਗਾਲੀ ਭਾਸ਼ਾ ਮੇਂ ਹਜ਼ਾਰੋਂ ਸ਼ਬਦ ਅਰਬੀ ਫ਼ਾਰਸੀ ਵਗ਼ੈਰਾ ਕੇ ਐਸੇ ਘੁਲ ਮਿਲ ਗਏ ਹੈਂ ਕਿ ਹਮ ਯਿਹ ਨਹੀਂ ਜਾਨਤੇ ਕਿ ਵਹ ਸ਼ਬਦ ਕਿਸੀ ਦੂਸਰੀ ਭਾਸ਼ਾ ਕੇ ਹੈਂ।" ਮਿਸਾਲ ਦੇ ਲਈ ਉਨ੍ਹਾਂ ਕਿਹਾ: "ਵਕਾਲਤ ਨਾਮਾ, ਦਰਖ਼ਾਸਤ, ਆਈਨ, ਅਰਜ਼ੀ, ਅਦਾਲਤ, ਦੀਵਾਨੀ, ਫ਼ੌਜਦਾਰੀ, ਮੁਕੱਦਮਾਂ, ਮਾਮਲਾ, ਇਜਲਾਸ, ਸ਼ਿਕਾਰ, ਸੰਮਨ, ਜਾਰੀ, ਇਸ਼ਤਹਾਰ, ਕੈਫ਼ੀਯਤ, ਹੁਕਮ, ਹਾਕਿਮ, ਦਾਰੋਗ਼ਾ, ਦਰਵਾਜ਼ਾ, ਕਿਲਾ, ਫ਼ਤਹ, ਜਹਾਜ਼, ਖ਼ਾਤਿਰ, ਜਮ੍ਹਾਂ-ਖ਼ਰਚ, ਹਿਸਾਬ, ਖਾਤਾ, ਚਿਰਾਗ਼, ਬੱਤੀ, ਹਰਾਨ, ਫ਼ਿਕਰ, ਤੂਫ਼ਾਨ, ਜਾਂਬਾਜ਼, ਕਿੱਸਾ, ਰਾਸਤਾ, ਖ਼ਬਰ, ਜਬਰ, ਦਸਤੀ, ਦਸਤਖ਼ਤ, ਬਰਦਾਸ਼ਤ, ਮੁਕਾਬਲਾ, ਵਾਕਿਫਹਾਲ, ਮਿਜ਼ਾਜ, ਖ਼ੂਨ,

ਕੈਦੀ, ਕਤਲ, ਬੇਵਕੂਫ਼, ਨਦਾਰਦ, ਖ਼ਾਤਿਰ, ਗ਼ਰੀਬ, ਕਾਗ਼ਜ਼, ਕਲਮ, ਖ਼ੁਸ਼ੀ, ਦਿਲ, ਆਈਨਾ, ਆਰਸੀ, ਮਹੱਲ, ਤਰਫ਼, ਸ਼ੀਸ਼ਾ, ਹਿੱਸਾ, ਪੈਰਵੀ ਕੀ ਤਰਹ ਹਜ਼ਾਰੋਂ ਸ਼ਬਦ ਐਸੇ ਹੈਂ, ਜਿਨ੍ਹੇਂ ਹਮ ਬੰਗਾਲੀ ਭਾਸ਼ਾ ਕਾ ਹੀ ਹਿੱਸਾ ਮਾਨਤੇ ਹੈਂ। ਬਚਪਨ ਸੇ ਹੀ ਹਮ ਨੇ ਅਪਨੇ ਮਾਂ, ਬਾਪ, ਭਾਈ, ਬਹਿਨ, ਪੜੋਸੀਓਂ ਔਰ ਨਾਤੇਦਾਰੋਂ ਕੇ ਮੂੰਹ ਸੇ ਇਨ ਸ਼ਬਦੋਂ ਕੋ ਸੁਨਾ ਹੈ, ਔਰ ਇਨ੍ਹੇਂ ਹਮ ਰੋਜ਼ ਧੜੱਲੇ ਕੇ ਸਾਥ ਇਸਤੇਮਾਲ ਕਰਤੇ ਹੈਂ।''

ਇਹਨਾਂ ਤੋਂ ਬਿਨਾਂ ਹੋਰ ਪਤਾ ਨਹੀਂ ਕਿੰਨੇ ਸ਼ਬਦ ਹੋਣਗੇ। ਇਹਨਾਂ ਸ਼ਬਦਾਂ ਵਿਚੋਂ ਅਧ ਤੋਂ ਬਹੁਤੇ, ਨਹੀਂ, ਸਗੋਂ ਇਕ ਦੋ ਛਡ ਕੇ ਬਾਕੀ ਸਾਰੇ ਪੰਜਾਬੀ ਵਿਚ ਵੀ ਜਿਉਂ ਦੇ ਤਿਉਂ ਵਰਤੇ ਜਾਂਦੇ ਹਨ।

ਜੇ ਸੱਚ ਮੁਚ ਹੀ ਪੰਜਾਬ ਦੇ ਹਿੰਦੂ ਨੇ ਆਪਣੀ ਬਹੁ-ਸੰਮਤੀ ਦੀ ਸ਼ਕਤੀ ਕਰ ਕੇ, ਜਾਂ ਕੇਂਦਰ ਵਿਚ ਆਪਣੀ ਹਕੂਮਤ ਦੇ ਖ਼ਿਆਲ ਨਾਲ ਪੰਜਾਬੀ ਦਾ ਗਲਾ ਘੁਟ ਹੀ ਦਿਤਾ, ਤਦ ਪ੍ਰੋਗ੍ਰੈਸਿਵ ਰਾਈਟਰਜ਼ ਕਾਨਫ਼ਰੰਸ ਯੂ. ਪੀ. ਨੇ ਆਪਣੇ ਲਖਨਊ ਦੇ ਇਜਲਾਸ ਵਿਚ ਜੋ ਪ੍ਰਮਤਾਵ ਪਾਸ ਕੀਤਾ ਹੈ, ਉਸ ਨਾਲ ਆਪਣੀ ਜ਼ਬਾਨ ਮਿਲਾਂਦਾ; ਮੈਂ ਉਹਨਾਂ ਸ਼ਬਦਾਂ ਨੂੰ ਹੀ ਅੰਕਿਤ ਕਰਦਾ ਹੋਇਆ ਆਖਦਾ ਹਾਂ:—

''ਯੂ. ਪੀ. ਔਰ ਦੂਸਰੇ ਸੂਬੋਂ ਮੇਂ ਉਰਦੂ ਕਾ ਜੋ ਦਮਨ ਕੀਆ ਜਾ ਰਿਹਾ ਹੈ, ਉਸ ਸੇ ਭਾਸ਼ਾ ਕੀ ਏਕਤਾ ਤਾਮੀਰ ਨਹੀਂ ਹੋ ਸਕਤੀ। ਉਸ ਸੇ ਆਮ ਜਨਤਾ ਕੀ ਏਕਤਾ ਮੇਂ ਫੂਟ ਪੜੇਗੀ। ਇਸ ਸੇ ਅੰਧੀ ਕੌਮ ਪ੍ਰਸਤੀ ਮਜ਼ਬੂਤ ਹੋਗੀ।''

ਕੌਮੀ ਜ਼ਬਾਨ ਬਣਾਨ ਲਈ ਕੌਮਾਂ ਦੀ ਏਕਤਾ ਦੀ ਬੜੀ ਲੋੜ ਹੈ। ਕੌਮੀ ਜ਼ਬਾਨ ਕਿਸੇ ਉਤੇ ਜਬਰਨ ਨਹੀਂ ਲਦੀ ਜਾ ਸਕਦੀ। ਜੇ ਜ਼ਬਰਦਸਤੀ ਅਜੇਹਾ ਕੀਤਾ ਗਿਆ ਤਾਂ ਜਿਸ ਆਦਰਸ਼ ਨੂੰ

ਸਾਹਮਣੇ ਰਖਿਆ ਗਿਆ ਹੈ, ਉਸਦੀ ਪੂਰਨਤਾ ਦੀ ਉਕਾ ਹੀ ਤਸੱਲੀ ਨਹੀਂ।

ਇਹ ਕਥਾਨਕ, ਕਥਾਨਕ ਹੀ ਨਹੀਂ ਸਗੋਂ ਰੋਜ਼ਾਨਾ ਵਰਤੋਂ ਵਿਚ ਆਉਣ ਵਾਲੀ ਬੇਡੋਲ ਜਿਹੀ ਫ਼ਿਰਕਾ ਪ੍ਰਸਤੀ ਦਾ ਨੰਗਾ ਵਿਖਾਲਾ ਹੈ, ਅਰ ਕਲਪਨਾ ਕਲਪਿਤ ਨਹੀਂ ਸਗੋਂ ਸਤ ਕਥਾ ਵਸਤੂ ਆਧਾਰ ਤੇ ਹੀ ਕਲਪਿਤ ਕੀਤੀ ਗਈ ਹੈ, ਅਰ ਬਹੁਤੇ ਉਦਾਹਰਨ ਹਿੰਦੀ ਮਾਸਕ ਪਤਰਾਂ ਵਿਚੋਂ ਹੀ ਧੰਨਵਾਦ ਸਹਿਤ ਲਏ ਗਏ ਹਨ।

ਇਸ ਹਿੰਦੀ ਨੂੰ ਸਮਝਣ ਵਾਲੇ ਪੰਜ ਫ਼ੀ ਸਦੀ ਪੰਜਾਬੀ ਵੀ ਮਿਲਣੇ ਮੁਸ਼ਕਲ ਹਨ। ਜਿਸ ਭਾਸ਼ਾ ਨੇ, ਖ਼ਾਸ ਕਰ ਆਜ਼ਾਦ ਦੇਸ਼ ਦੀ ਭਾਸ਼ਾ ਨੂੰ 'ਰਾਸ਼ਟਰ ਭਾਸ਼ਾ ਜਾਂ ਕੌਮੀ ਜ਼ਬਾਨ ਬਣਾਣਾ ਹੈ, ਉਹ ਏਡੀ ਔਖੀ ਤੇ ਏਡੀ ਬੇਜੋੜ ਤੇ ਨਾ ਬਣਾਈ ਜਾਇ ਕਿ ਉਸ ਨੂੰ ਸਮਝਣ ਲਈ ਹਿੰਦੀ ਸ਼ਬਦ-ਕੋਸ਼ਾਂ ਦੇ ਕਈ ਐਡੀਸ਼ਨ ਨਾਲ ਨਾਲ ਚੁਕੀ ਫਿਰਨਾ ਪਏ।

ਮੈਂ ਫਿਰ ਆਖਦਾ ਹਾਂ ਕਿ ਮੇਰਾ ਭਾਵ ਹਿੰਦੀ ਨਾਲ ਵਖੇਵਾਂ ਕਰਨਾ ਨਹੀਂ। ਮੈਂ ਹਿੰਦੀ ਨੂੰ ਰਾਸ਼ਟਰ ਭਾਸ਼ਾ ਦੇ ਰੂਪ ਵਿਚ ਪ੍ਰਵਾਨ ਕਰਨ ਦਾ ਜ਼ਬਰਦਸਤ ਸਮਰਥਕ ਹਾਂ, ਪਰ ਉਸ ਦਾ ਸੁੰਦਰ ਸੁਹਾਵਣਾ ਤੇ ਸੁਚੱਜਾ-ਰੰਗ ਮੰਚ-ਮਹਲ-ਸੂਬਾਈ ਭਾਸ਼ਾਵਾਂ, ਖ਼ਾਸ ਕਰ ਪੰਜਾਬੀ ਦੀ ਕਬਰ ਤੇ ਤਾਮੀਰ ਨਾ ਹੋਵੇ।

ਪੰਜਾਬ ਦੀ ਜ਼ਬਾਨ ਪੰਜਾਬੀ ਹੀ ਹੈ ਤੇ ਪੰਜਾਬੀ ਹੀ ਰਹਿਣੀ ਚਾਹੀਦੀ ਹੈ। ਪੰਜਾਬ ਹਿੰਦੀ ਭਾਸ਼ਾ-ਭਾਸ਼ੀ ਸੂਬਾ ਨਹੀਂ 'ਪੰਜਾਬ ਅ-ਹਿੰਦੀ ਪਰਾਂਤ ਹੈ' ਇਸ ਨੂੰ ਹਿੰਦੀ ਸਾਹਿਤ ਸੰਮੇਲਨ ਪਰਯਾਗ ਦੇ ਬਹੁਤ ਸਾਰੇ ਆਗੂ ਮੰਨਦੇ ਹਨ।

ਹਿੰਦੀ ਦਾ ਵਿਰੋਧ ਕਰਨਾ ਆਪਣੀਆਂ ਪੁਰਾਤਨ ਰਵੈਤਾਂ ਦਾ ਵਿਰੋਧ ਕਰਨਾ ਹੈ ਪਰ ਇਸਦਾ ਏਹ ਮਤਲਬ ਕਦੇ ਨਹੀਂ ਕਿ ਸੂਬੇ ਦੀ

ਅਸਲੀ ਬੋਲੀ ਨੂੰ ਜੇਹੜੀ ਸੈਂਕੜੀ ਸਦੀ ਲੋਕ ਸੰਝ ਸਵੇਰੇ ਤੇ ਹਰ ਘੜੀ ਬੋਲਦੇ ਹਨ, ਉਸ ਦੀ ਜਗ੍ਹਾ ਹਿੰਦੀ ਨੂੰ ਦੇ ਦਿਤੀ ਜਾਇ।

ਸਾਡੀ ਪੰਜਾਬੀਆਂ ਦੀ ਇਹ ਜ਼ਬਰਦਸਤ ਖ਼ਾਹਿਸ਼ ਹੈ ਕਿ ਜਿਸ ਆਜ਼ਾਦੀ ਲਈ ਅਸੀਂ ਆਪਣੇ ਯੁਗ ਵਸਦੇ ਘਰ ਛਡੇ, ਸ਼ਹਿਰ ਛਡੇ; ਪਿੰਡ ਗਿਰਾਂ ਛਡੇ; ਜਨਨੀ ਜਨਮ ਭੂਮੀ, ਪੁੰਨਯ ਭੂਮੀ ਛਡੀ, ਆਪਣੀਆਂ ਅਖਾਂ ਸੋਹੇਂ ਆਪਣੇ ਨਿਕੇ ਨਿਕੇ ਬਾਲ ਕੁਹਾਏ, ਧੀਆਂ ਭੈਣਾਂ ਦੀ ਬੇਹੁਰਮਤੀ ਜਰੀ, ਆਪਣੀਆਂ ਰਿਆਸਤਾਂ ਵਿਰਾਸਤਾਂ ਛਡ ਕੇ ਦਰ ਬਦਰ ਰੁਲੇ। ਸ਼ਰਨਾਰਥੀ, ਸ਼ਰਾਰਤੀ, ਪਨਾਹਗਜ਼ੀਨ, ਫਨਾਹਗਜ਼ੀਨ, ਰੀਫੀਊਜੀ ਤੇ ਫਰੂਜੀ ਕਹਾਇਆ, ਹੁਣ ਸਾਡੇ ਕੋਲੋਂ ਸਾਡੀ ਮਾਤ-ਭਾਸ਼ਾ ਤੇ ਨਾ ਖੋਹੀ ਜਾਇ। ਅਗੇ ਜੋ ਕੁਝ ਕੀਤਾ ਏ ਉਹ ਤੇ ਸਾਡੇ ਨਾਲ ਗ਼ੈਰਾਂ ਨੇ ਕੀਤਾ ਏ, ਇਹ ਜੋ ਕੁਝ ਹੋ ਰਿਹਾ ਏ, ਸਾਡੇ ਆਪਣੇ ਕਰਨ ਲਈ ਤਾਣ ਲਾ ਰਹੇ ਹਨ। ਦੁਸ਼ਮਣ ਦੇ ਪਥਰ ਬਰਦਾਸ਼ਤ ਹੋ ਸਕਦੇ ਹਨ ਪਰ ਦੋਸਤ ਦੇ ਫੁਲ ਦੀ ਚੋਟ ਨਹੀਂ ਸਹਾਰੀ ਜਾ ਸਕਦੀ।

ਪੰਜਾਬੀ ਮਾਤਾ ਦੀ ਜੈ।

| | | |
|---|---|---|
| ੧ ਵੈਸਾਖ ੨੦੦੬<br>ਪਟਿਆਲਾ | ] | ਸੰਤ ਇੰਦੂ ਸਿੰਘ 'ਚਕ੍ਰਵਰਤੀ' |

# ਦੂਜੀ ਵਾਰ

ਰਾਸ਼ਟਰ ਭਾਸ਼ਾ ਦੀ ਪਹਿਲੀ ਐਡੀਸ਼ਨ ਦੋ ਹਜ਼ਾਰ ਛਾਪ ਕੇ ਪੰਜਾਬੀ ਪ੍ਰੇਮੀਆਂ ਦੀ ਭੇਟ ਕੀਤੀ ਜਾ ਚੁਕੀ ਹੈ । ਇਸ ਨੂੰ ਜਿਸ ਪਿਆਰ ਸ਼ਰਧਾ ਤੇ ਮਾਣ ਨਾਲ ਪੰਜਾਬੀਆਂ ਨੇ ਅਪਣਾਇਆ ਹੈ, ਉਸ ਤੋਂ ਮੈਨੂੰ ਬੜੀ ਪ੍ਰਸੰਨਤਾ ਹੋਈ ਹੈ। ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਨੇ ੫੦੦) ਦੀਆਂ ਪੁਸਤਕਾਂ ਖ਼ਰੀਦ ਕੇ ਮੇਰੀ ਹੌਂਸਲਾ ਅਫ਼ਜ਼ਾਈ ਕੀਤੀ । ਪੰਜਾਬ ਦੇ ਹਰ ਅਖ਼ਬਾਰ ਨੇ ਇਸ ਨੂੰ ਮਾਣ ਦਿਤਾ, ਪਰ ਬਹੁਤੀ ਪ੍ਰਸੰਨਤਾ ਮੈਨੂੰ ਪਟਿਆਲੇ ਦੇ ਉਹਨਾਂ ਫ਼ਿਰਕੂ ਹਿੰਦੂਆਂ ਕੋਲੋਂ ਮਿਲੀ ਜਿਨ੍ਹਾਂ ਨੇ ਮੈਨੂੰ ਮਾਰ ਦੇਣ ਲਈ ਪੱਤ੍ਰ ਲਿਖੇ ਅਰ ਮੈਨੂੰ ਹਿੰਦੀ ਵਿਰੋਧੀ ਆਖ ਕੇ ਗਾਲ੍ਹਾਂ ਦਿਤੀਆਂ। ਪਰ ਮਾਂ ਪੰਜਾਬੀ ਦੇ ਅਸ਼ੀਰਵਾਦ ਸਦਕਾ ਮੈਂ ਅਜੇ ਤੀਕ ਜਿਊਂਦਾ ਹਾਂ ਅਰ ਮੇਰਾ ਏਡਾ ਸੁਭਾਗ ਕਿਥੋਂ ਕਿ ਮੈਂ, ਪੰਜਾਬੀ ਮਾਂ ਦੀ ਸੇਵਾ ਕਰਦਾ ਮਾਰਿਆ ਜਾਵਾਂ।

ਮੈਂ ਹਿੰਦੀ ਵਿਰੋਧੀ ਨਹੀਂ, ਸਗੋਂ ਪਟਿਆਲਾ ਯੂਨੀਅਨ ਹਿੰਦੀ ਸਾਹਿਤ ਸਮੇਲਨ ਦੇ ਅਧਿਸ਼ਟਾਤਾਵਾਂ ਵਿਚੋਂ ਹਾਂ ਤੇ ਅਜ ਵੀ ਯੂਨੀਅਨ ਭਰ ਵਿਚ ਹਿੰਦੀ ਸਾਹਿਤ ਸੰਮੇਲਨ ਦਾ ਚੀਫ਼ ਆਰਗੇ-ਨਾਈਜ਼ਰ ਹਾਂ।

ਮੈਂ ਫ਼ਿਰਕੂ ਹਿੰਦੂਆਂ ਦੀਆਂ ਗਾਲਾਂ ਦਾ ਜਵਾਬ ਦੇ ਕੇ ਦੇਸ਼-ਏਕਤਾ ਦੇ ਵਾਯੂ ਮੰਡਲ ਨੂੰ ਨਾ-ਖ਼ੁਸ਼-ਗਵਾਰ ਨਹੀਂ ਕਰਨਾ ਚਾਹੁੰਦਾ। ਗਾਲਾਂ ਦਾ ਜਵਾਬ ਕੋਈ ਸਭਯ ਆਦਮੀ ਦੇਣਾ ਪਸੰਦ ਨਹੀਂ ਕਰਦਾ।

ਮੈਂ ਅਜ ਵੀ ਹਿੰਦੀ ਨੂੰ ਰਾਸ਼ਟਰ ਭਾਸ਼ਾ ਮੰਨਦਾ ਹਾਂ, ਤੇ ਪੰਜਾਬ ਲਈ ਪੰਜਾਬੀ ਤੋਂ ਬਿਨਾਂ ਹੋਰ ਕਿਸੇ ਨੂੰ ਪ੍ਰਵਾਨ ਨਹੀਂ ਕਰ ਸਕਦਾ ਤੇ ਨਾ ਹੀ ਕਰਾਂਗਾ।

ਪਟਿਆਲਾ ੧੦ ਕੱਤਕ
੨੦੦੬

ਸੰਤ ਇੰਦਰ ਸਿੰਘ
ਚਕ੍ਰਵਰਤੀ

ਇਕ ਅੰਗੀ

# ਰਾਸ਼ਟਰ-ਭਾਸ਼ਾ

## ਝਾਕੀ ਪਹਿਲੀ

ਜਲੰਧਰ ਸ਼ਹਿਰ ਦੇ ਅਤਿ ਚੰਗੇ ਮਹੱਲੇ ਵਿਚ ਚਾਰ ਦੀਵਾਰੀ ਦੇ ਅੰਦਰ ਖ਼ੁਸ਼-ਨੁਮਾ ਜੇਹੇ ਬਾਗ ਵਿਚਕਾਰ ਇਕ ਕੋਠੀ ਹੈ । ਚਾਰ ਦੀਵਾਰੀ ਦੇ ਵਡੇ ਬੂਹੇ ਅਗੇ ਬੜਾ ਦਿਲਕਸ਼ ਸਾਈਨ ਬੋਰਡ ਲਗਾ ਹੋਇਆ ਹੈ। ਜਿਸ ਉਤੇ ਉਰਦੂ ਦੇ ਮੋਟੇ ਮੋਟੇ ਹਰਫ਼ਾਂ ਵਿਚ ਲਿਖਿਆ ਹੋਇਆ ਹੈ—

ਦਫ਼ਤਰ, ਰੋਜ਼ਾਨਾ ਉਰਦੂ 'ਮਹਿਤਾਬ' ਜਲੰਧਰ

ਬਾਗ਼ ਦੇ ਅੰਦਰ ਵੜਦਿਆਂ ਹੀ ਸਜੇ ਪਾਸੇ ਇਕ ਮਕਾਨ ਹੈ । ਮਕਾਨ ਦੀ ਕੁਰਸੀ ਜ਼ਮੀਨ ਤੋਂ ੨—੨॥ ਫੁਟ ਉਚੀ ਹੈ, ਜਿਸ ਦੇ ਸਜੇ ਖਬੇ ਦੋ ਕਮਰੇ ਹਨ । ਸਾਹਮਣੇ ਇਕ ਹਾਲ ਕਮਰਾ ਹੈ । ਮਕਾਨ ਵਿਚ ਬਿਜਲੀ ਦੇ ਪਖੇ ਲਗੇ ਹੋਏ ਹਨ। ਸਜੇ ਖਬੇ ਪਾਸੇ ਦੇ ਦੋਹਾਂ ਕਮਰਿਆਂ ਵਿਚ ਇਕ ਪਾਸੇ 'ਮਹਿਤਾਬ' ਦੇ ਮੈਨੇਜਰ ਦਾ ਕਮਰਾ ਹੈ। ਦੂਜੇ ਪਾਸੇ ਤਖ਼ਤ ਪੋਸ਼ਾਂ ਤੇ ਕਾਤਿਬ ਬੈਠੇ ਲਿਖ ਰਹੇ ਹਨ । ਇਕ ਪਾਸੇ ਮੇਜ਼ ਤੇ ਸਬ ਐਡੀਟਰ ਤੇ ਕਲਰਕ ਵਗ਼ੈਰਾ ਬੈਠੇ ਹੋਏ ਹਨ। ਸਾਹਮਣਾ ਹਾਲ ਕਮਰਾ ਜੋ ਚੰਗੀ ਤਰ੍ਹਾਂ ਸਜਿਆ ਹੋਇਆ ਹੈ, ਇਸ ਵਿਚ ਮਹਾਰਾਣਾ ਪ੍ਰਤਾਪ, ਸ਼ਿਵਾ ਜੀ, ਵੀਰ ਵੈਰਾਗੀ, ਸ੍ਰੀ ਸਾਵਰਕਰ, ਡਾਃ ਮੂੰਜੇ ਵਗੈਰਾ ਲੀਡਰਾਂ ਦੇ ਵਡੇ ਵਡੇ ਚਿਤਰ ਟੰਗੇ ਹੋਏ ਹਨ। ਵਿਚਕਾਰ ਵਡਾ ਸਾਰਾ ਮੇਜ਼ ਹੈ, ਜਿਸ ਦੇ ਦੁਆਲੇ ਕਈ ਕੁਰਸੀਆਂ ਡਠੀਆਂ ਹੋਈਆਂ ਹਨ। ਬੂਹੇ ਤੇ ਚਿਕ ਲਗੀ ਹੋਈ ਹੈ। ਅੰਦਰ ਰੰਗੀਨ ਪੜਦੇ

ਲਟਕ ਰਹ ਹਨ । ਸਾਹਮਣੇ ਹੀ ਰੋਜ਼ਾਨਾ ਉਰਦੂ 'ਮਹਿਤਾਬ' ਦੇ ਐਡੀਟਰ ਸ੍ਰੀ ਕੁਲ ਭੂਸ਼ਨ ਜੀ ਬੈਠੇ ਕੁਝ ਲਿਖ ਰਹੇ ਹਨ।

ਇਕ ਨੌਜੁਆਨ ਆਉਂਦਾ ਹੈ। ਰੰਗ ਸਾਫ਼, ਅੱਖਾਂ ਮੋਟੀਆਂ ਤੇ ਚਮਕੀਲੀਆਂ, ਚੇਹਰਾ ਸਡੌਲ ਤੇ ਗੰਭੀਰ, ਬੁਲ੍ਹਾਂ ਤੇ ਮੰਦ ਮੰਦ ਮੁਸਕ੍ਰਾਹਟ ਅੰਗਰੇਜ਼ੀ ਕਟ ਦੇ ਵਾਲ, ਖਦਰ ਦਾ ਕੁਰਤਾ, ਰੇਬ ਪਜਾਮਾ, ਪੈਰੀਂ ਕਾਨ੍ਹਪੁਰੀ ਚੱਪਲ।

ਮੁੰਡਾ—(ਕਿਵ ਅਗੇ ਖਲੋ ਕੇ) ਭਾਪਾ ਜੀ ਮੈਂ ਆ ਜਾਵਾਂ ?

ਐਡੀਟਰ—ਆ ਜਾ, ਖਲੋਤਾ ਬਿਟਰ ਬਿਟਰ ਕੀ ਵੇਂਹਦਾ ਹੈਂ ? ਕਿੰਨੀ ਵੇਰ ਕਹਿ ਚੁਕਾ ਹਾਂ ਕਿ ਭਾਪਾ ਵਾਪਾ ਕੁਝ ਨਹੀਂ, ਪਿਤਾ ਜੀ ਕਿਹਾ ਕਰ । 'ਪਿਤਾ ਜੀ' ਆਂਹਦਿਆਂ ਪਤਾ ਨਹੀਂ ਕੰਬਖਤ ਦੇ ਕੀ ਗੋਲੀ ਵਜਦੀ ਏ। ਮੈਨੂੰ ਤੇ ਇਹਨਾਂ ਮਾਂ ਪੁਤਾਂ ਨੇ ਸੂਲੀ ਤੇ ਟੰਗ ਛਡਿਆ ਹੈ।

ਮੁੰਡਾ—ਝਾਈ ਨੇ ਕਿਹਾ ਏ.....

ਐਡੀਟਰ—(ਗਲ ਟੁਕ ਕੇ) ਕੀ ਕਿਹਾ ਹੈ ? ਤੇਰੀ ਮਾਂ ਦਾ ਸਿਰ, ਪਤਾ ਨਹੀਂ ਇਸ ਸੂਰ ਨੂੰ ਕੀ ਹੋਇਆ ਹੋਇਆਹੈ? ਕਿੰਨੀ ਵਾਰੀ ਸਿਰ ਖਪਾ ਥਕਾ ਹਾਂ ਕਿ ਮਾਤਾ ਜੀ ਕਿਹਾ ਕਰ, ਪਰ ਇਹ ਫਿਰ ਝਾਈ...ਹਾਂ ਸ੍ਰੀ ਮਾਨ ਕਿਸ਼ੋਰ ਜੀ, ਦਸੋ ਤੁਹਾਡੀ ਝਾਈ ਨੇ ਕੀ ਕਿਹਾ ਹੈ ?

ਕਿਸ਼ੋਰ—ਰੋਟੀ ਤਿਆਰ ਹੈ, ਸਾਮਾਨ ਬੰਨ੍ਹ ਦਿਤਾ ਗਿਆ ਹੈ।

ਐਡੀਟਰ—ਚਲੋ, ਸ੍ਰੀ ਮਾਨ ਕਿਸ਼ੋਰ ਮਹੋਦਯ !

{ਅੱਗੇ ਅੱਗੇ ਕਿਸ਼ੋਰ ਤੇ ਪਿਛੇ ਪਿਛੇ ਸ੍ਰੀ ਕੁਲ ਭੂਸ਼ਨ ਜਾ ਰਹੇ ਹਨ}

## ਝਾਕੀ ਦੂਜੀ

{ਸ੍ਰੀ ਕੁਲ ਭੂਸ਼ਨ ਦੀ ਬਾਗ਼ ਵਿਚਕਾਰਲੀ ਖ਼ਾਸ ਕੋਠੀ ਪਛਮੀ ਢੰਗ ਨਾਲ ਫ਼ਰਨਿਸ਼ ਹੈ। ਥਲੇ ਕੀਮਤੀ ਕਾਲੀਨ ਵਿਛੇ ਹੋਏ ਹਨ,

ਕੰਧਾਂ ਤੇ ਥਾਂ ਥਾਂ ਵਖੋ ਵਖ ਸਮਿਆਂ ਤੇ ਵਖੋ ਵਖ ਸੰਸਥਾਵਾਂ ਵਲੋਂ ਦਿਤੇ ਗਏ ਉਰਦੂ ਦੇ 'ਮਾਨ ਪੱਤਰ' ਟੰਗੇ ਹੋਏ ਹਨ। ਹਾਲ ਕਮਰੇ ਦੇ ਪਿਛਲੇ ਪਾਸੇ ਵੇਹੜਾ ਹੈ। ਵੇਹੜੇ ਵਿਚ ਕਿਸ਼ੋਰ ਦੀ ਝਾਈ ਸ੍ਰੀ ਮਤੀ ਅਰੁਣਾ ਦੇਵੀ ਬੈਠੀ ਹੋਈ ਹੈ। ਉਮਰ ੫੦-੫੨ ਸਾਲ ਹੈ। ਰੰਗ ਗੋਰਾ, ਅਖਾਂ ਮੋਟੀਆਂ, ਚੇਹਰਾ ਸ਼ਾਂਤ ਤੇ ਗੰਭੀਰ}

ਕਿਸ਼ੋਰ–ਮਾਤਾ ਜੀ, ਪਿਤਾ ਜੀ ਆ ਗਏ ਨੇ।

ਅਰੁਣਾ–ਆ ਮੇਰੇ ਲਾਲ, ਮੈਂ ਵਾਰੀ, ਮੈਨੂੰ ਤੇਰੇ ਮੂੰਹੋਂ ਜਿਨਾਂ 'ਝਾਈ' ਤੇ 'ਭਾਪਾ' ਚੰਗਾ ਲਗਦਾ ਹੈ ਉਨ੍ਹਾਂ ਮਾਤਾ ਪਿਤਾ ਜੀ ਨਹੀਂ।

ਕਿਸ਼ੋਰ–(ਉਂਗਲੀ ਦੇ ਇਸ਼ਾਰੇ ਨਾਲ ਰੋਕ ਕੇ) ਨਾ...ਨਾ...ਨਾ... ਪਿਤਾ ਜੀ ਗੁਸੇ ਹੁੰਦੇ ਪਏ ਨੇ!

ਅਰੁਣਾ–ਗੁਸੇ ਦੀ ਇਸ ਵਿਚ ਕੇਹੜੀ ਗਲ ਹੈ? ਆਪਣੇ ਦੇਸ਼ ਦੀ ਬੋਲੀ ਨਾਲ ਕਿਸ ਨੂੰ ਅਪਣਤ ਨਹੀਂ ਮੈਨੂੰ ਤੇ 'ਝਾਈ' ਤੇ 'ਭਾਪਾ' ਬੜੇ ਚੰਗੇ ਲਗਦੇ ਨੇ। 'ਪਿਤਾ ਤੇ ਮਾਤਾ' ਤੇ ਮੈਨੂੰ ਦੂਰੋਂ ਪਾਰੋਂ ਓਪਰੇ ਓਪਰੇ ਆਏ ਜਾਪਦੇ ਨੇ।

ਐਡੀਟਰ–ਤੂੰ ਤੇ ਹਮੇਸ਼ਾਂ ਚੜ੍ਹਦੇ ਪਾਣੀ ਨੂੰ ਹੀ ਜਾਣਾ ਹੈ। ਜੋ ਮੈਂ ਆਖਣਾ ਹੈ ਉਹ ਤੇ ਤੁਸਾਂ ਮਾਂ ਪੁਤਾਂ ਨੇ ਮੰਨਣਾ ਹੀ ਨਾ ਹੋਇਆ।

ਕਿਸ਼ੋਰ–ਨਹੀਂ ਭਾਪਾ ਜੀ, ਨਾ ਸਚ ਪਿਤਾ ਜੀ, ਆਪ ਸਾਨੂੰ ਅਜੇਹੇ ਤੇ ਨਾ ਨਾ ਸਮਝੋ। ਅਸੀਂ ਤੁਹਾਡੇ ਆਖੇ ਨਹੀਂ ਲਗਣਾ ਤਾਂ ਹੋਰ ਕਿਸ ਦੇ ਲਗਣਾ ਹੋਇਆ।

ਐਡੀਟਰ–ਸ਼ਾਬਾਸ਼, ਮੈਨੂੰ ਮੇਰੇ ਬੀਬੇ ਚੰਨ ਤੋਂ ਏਹੀ ਉਮੀਦਾਂ ਹਨ। ਤਦ ਮੇਰੇ ਚੰਗੇ ਕਿਸ਼ੋਰ ਜੀ, ਮੇਰੇ ਆਖੇ ਲਗ ਕੇ ਤੁਸੀਂ ਤੇ ਤੁਹਾਡੀ ਮਾਤਾ ਜੀ ਅਜ ਤੋਂ ਘਰ ਵਿੱਚ ਹਿੰਦੀ ਦਾ ਹੀ ਉਚਾਰਨ ਕਰਿਆ ਕਰੋ।

{ਕਿਸ਼ੋਰ ਚੁਪ ਰਹਿੰਦਾ ਹੈ}

ਅਰੁਣਾ–ਨਾ–ਨਾ ਬਾਬਾ, ਬਾਜ਼ ਆਏ ਅਸੀਂ ਤੁਹਾਡੀ ਹਿੰਦੀ ਤੋਂ, ਸਾਨੂੰ ਸਾਡੀ ਪੰਜਾਬੀ ਹੀ ਚੰਗੀ ਹੈ ।

ਐਡੀਟਰ –ਤਦ ਮਾਰੋ ਟੱਕਰਾਂ, ਕੰਮ ਦੀ ਗਲ ਤੇ ਤੁਸਾਂ ਮੰਨਣੀ ਹੀ ਨਾ ਹੋਈ । ਮੈਂ ਕਿਸ਼ੋਰ ਨੂੰ ਸਾਰਾ ਜ਼ੋਰ ਲਾ ਥਕਾ ਹਾਂ ਕਿ ਏਹ 'ਸੰਘ ਸ਼ਾਖਾ' ਵਿੱਚ ਹਰ ਰੋਜ਼ ਜਾਇਆ ਕਰੇ, ਪਰ ਇਸ ਨੇ ਇਕ ਦਿਨ ਵੀ ਮੇਰੇ ਆਖੇ ਲਗ ਕੇ ਸ਼ਾਖਾ ਸਥਾਨ ਵਿੱਚ ਪੈਰ ਨਹੀਂ ਧਰਿਆ ।

ਕਿਸ਼ੋਰ–ਪਰ ਜਿੰਨਾ ਚਿਰ ਰਾਸ਼ਟਰ ਭਾਸ਼ਾ ਦੀ ਪ੍ਰਵਾਨਗੀ ਸਾਡੀ ਕੇਂਦਰੀ ਸਰਕਾਰ ਨਾ ਦੇ ਦਏ ਤੇ ਪੰਡਤ ਜਵਾਹਰ ਲਾਲ ਜੀ ਐਲਾਨ ਨਾ ਕਰ ਦੇਣ, ਓਨਾ ਚਿਰ ਅਸੀਂ ਅਜ ਹੀ ਕਿਵੇਂ ਹਿੰਦੀ ਨੂੰ ਰਾਜ-ਭਾਸ਼ਾ ਮੰਨ ਕੇ, ਪੰਜਾਬੀ, ਜੋ ਸਾਡੀ ਮਾਤ-ਭਾਸ਼ਾ ਹੈ, ਦੇ ਮਗਰ ਡੰਡਾ ਫੜ ਕੇ ਪੈ ਜਾਈਏ ? ਮੈਨੂੰ ਅਜੇ ਤੀਕ ਇਹ ਸਮਝ ਨਹੀਂ ਆਈ ।

ਐਡੀਟਰ–(ਕੜਕ ਕੇ) ਨਹਿਰੂ ਦਾ ਬੱਚਾ ਨ ਹੋਵੇ ਤਾਂ, ਮੇਰਾ ਆਖਿਆ ਤਾਂ ਕੌੜਾ ਲਗਦਾ ਹੋਣੈ ?

ਅਰੁਣਾ--ਐਵੇਂ ਨਾ ਬੱਚੇ ਨੂੰ ਦਿਨ ਰਾਤ ਗਾਲ੍ਹਾਂ ਦੇਂਦੇ ਰਿਹਾ ਕਰੋ, ਮਹਾਤਮਾਂ ਗਾਂਧੀ.........

ਐਡੀਟਰ–( ਗੱਲ ਟੁਕ ਕੇ ) ਉਸ ਗਾਂਧੀ ਤੇ ਨਹਿਰੂ ਨੇ ਹੀ ਤਾਂ ਤੁਹਾਡੇ ਮਾਂ ਪੁਤਾਂ ਦੇ ਦਿਮਾਗ਼ ਖ਼ਰਾਬ ਕਰ ਦਿਤੇ ਨੇ । ਤੁਸਾਂ ਤੇ ਉਹ ਗਲ ਕਦੇ ਵੀ ਨਾ ਕਰਨੀ ਹੋਈ, ਜਿਸ ਤੋਂ ਚਾਰ ਪੈਸੇ ਦਾ ਫ਼ਾਇਦਾ ਹੋਵੇ, ਜਿਸ ਨਾਲ ਸ਼ੁਹਰਤ ਵਧੇ, ਜਿਸ ਨਾਲ ਸਾਡੇ ਅਖ਼ਬਾਰ ਦੀ ਅਸ਼ਾਇਤ ਸਭ ਨੂੰ ਮਾਤ ਪਾ ਦਏ । ਗਾਂਧੀ ਲੱਖਾਂ ਰੁਪੈ ਕਮਾ ਕੇ ਅਪਣੇ ਪੁੱਤਰਾਂ ਨੂੰ ਦੇ ਗਿਆ ਤੇ ਨਹਿਰੂ

ਨੇ ਅਪਣਾ ਸਾਰਾ ਟਬਰ ਹੀ ਸ਼ਾਹੀ ਖ਼ਰਚ ਤੇ, ਰਾਜਦੂਤ ਬਣਾ ਕੇ ਵਿਦੇਸ਼ ਵੇਜ ਦਿਤਾ।

ਅਰੁਣਾ ਤੇ ਕਿਸ਼ੋਰ–(ਇਕਠੇ ਹੀ) ਬੱਸ ਜੀ ਬੱਸ, ਸਾਨੂੰ ਜੋ ਜੀ ਆਵੇ ਪਏ ਆਖੋ, ਪਰ ਅਸੀਂ ਦੇਸ਼ ਪਿਤਾ ਤੇ ਪੰਡਤ ਨਹਿਰੂ ਜੀ ਦੇ ਖਿਲਾਫ਼ ਇਕ ਸ਼ਬਦ ਵੀ ਨਹੀਂ ਸੁਣ ਸਕਦੇ। ਜਿਸ ਮਹਾਨ–ਆਤਮਾ ਨੇ ਦੇਸ਼ ਨੂੰ ਬਿਨਾਂ ਖ਼ੂਨ ਖਰਾਬੇ ਦੇ ਆਜ਼ਾਦੀ ਲੈ ਦਿਤੀ ਹੋਵੇ, ਜਿਸ ਦਾ ਸਾਰਾ ਸਰਵੰਸ ਅੰਗਰੇਜ਼ ਦੀਆਂ ਜੇਹਲਾਂ ਵਿਚ ਸੜ ਗਲ ਚੁਕਾ ਹੋਵੇ, ਉਹ ਦੇ ਖਿਲਾਫ਼ ਏਹ ਬੇਬੁਨਿਆਦ ਦੂਸ਼ਣ ਲਾਣੇ ਅਕ੍ਰਿਤਘਨਤਾ ਨਹੀਂ ਤਾਂ ਹੋਰ ਕੀ ਏ?

ਐਡੀਟਰ--ਗਾਂਧੀ, ਨਹਿਰੂ ਦੇ ਪਰੇਮੀਓ, ਦਫ਼ਾ ਹੋਵੇ, ਨਾ ਲਗੋ ਮੇਰੇ ਆਖੇ—ਮੈਂ ਅਜ ਤੋਂ ਪ੍ਰਤਗਯਾ ਕਰਦਾ ਹਾਂ ਕਿ ਹਿੰਦੀ ਤੋਂ ਬਿਨਾਂ ਹੋਰ ਕਿਸੇ ਵੀ ਭਾਸ਼ਾ ਦਾ ਅੱਖਰ ਅਪਣੀ ਜ਼ਬਾਨ ਤੇ ਨਹੀਂ ਲਿਆਵਾਂਗਾ। ਨਾ ਘਰ ਤੇ ਨਾ ਬਾਹਰ, ਨਾ ਤੁਹਾਡੇ ਨਾਲ ਤੇ ਨਾ ਕਿਸੇ ਹੋਰਸ ਨਾਲ।

ਅਰੁਣਾ–ਤਦ ਚੜ੍ਹ ਚੁਕੇ ਗਾਡੀ, ਜੇ ਹੁਣੇ ਘਰ ਆ ਕੇ ਸਾਨੂੰ ਪੰਜਾਬੀ ਵਿਚ ਹੀ ਗਾਲ੍ਹਾਂ ਨਾ ਕਢੀਆਂ ਤਦ ਸਾਡਾ ਜ਼ੁੰਮਾਂ। ਜਾਓ, ਰੱਬ ਤੁਹਾਡਾ ਭਲਾ ਕਰੇ ਜਾਓ! ਪਰ ਇਕ ਗਲ ਸੁਣ ਲਵੋ, ਅਸੀਂ ਵੀ ਅਜ ਤੋਂ ਪ੍ਰਣ ਕਰਦੇ ਹਾਂ ਕਿ ਅਸਾਂ ਕਿਸੇ ਨੂੰ ਵੀ ਤੁਹਾਡੀ ਗਲ ਸਮਝਾਇਆ ਨਹੀਂ ਕਰਨੀ।।

ਐਡੀਟਰ–ਐਵੇਂ ਸਾਰਾ ਦਿਨ ਬੇਥਵਾ ਬੋਲਦੀ ਰਹਿੰਦੀ ਹੈ, ਵੇਲਾ ਕੁਵੇਲਾ ਕੁਝ ਵੀ ਨਹੀਂ ਵੇਂਹਦੀ। (ਕਿਸ਼ੋਰ ਨੂੰ) ਚਲ ਕਿਸ਼ੋਰ ਮੈਨੂੰ ਤਾਂਗੇ ਤੀਕ ਛਡ ਆ।

ਕਸ਼ੋਰ--ਚਲੋ।

(ਦੋਵੇਂ ਜਾਂਦੇ ਹਨ)

# ਝਾਕੀ ਤੀਜੀ

ਦੋ ਬੰਦੇ ਤੁਰੇ ਜਾ ਰਹੇ ਹਨ।

{ਜਲੰਧਰ ਦੇ ਬਜ਼ਾਰ ਵਿਚ, ਦੋ ਬੰਦੇ ਤੁਰੇ ਜਾ ਰਹੇ ਹਨ ਇਕ ਤਾਂ ਸ਼੍ਰੀ ਕੁਲ ਭੂਸ਼ਨ ਜੀ ਐਡੀਟਰ ਰੋਜ਼ਾਨਾ 'ਮਹਿਤਾਬ' ਹਨ ਦੂਜੇ ਉਹਨਾਂ ਦੇ ਸਪੁੱਤ੍ਰ ਕਿਸ਼ੋਰ ਕੁਮਾਰ। ਮਗਰ ਮਗਰ ਨੌਕਰ ਸੂਟਕੇਸ ਤੇ ਬਿਸਤਰਾ ਚੁਕੀ ਜਾਂਦਾ ਹੈ}

ਕੁਲ ਭੂਸ਼ਨ–(ਬੜੇ ਪਿਆਰ ਨਾਲ) ਦੇਖੋ ਪੁਤਰ ਕਿਸ਼ੋਰ ! ਅਜ ਕੀ ਪਰਸਥਿਤੀ ਨੇ ਤੋ ਮੁਝੇ ਅਤਿ ਵਯਾਕੁਲ ਕਰ ਦੀਆ ਹੈ। ਤੁਮਾਰੀ ਮਾਤਾ ਨਹੀਂ ਜਾਨਤੀ ਕਿ ਏਕ ਨੇਤਾ ਕੇ ਆਪਣੀ ਜਾਤੀ ਕੇ ਲੀਏ ਕਿਆ ਕਰੱਤਵਜ ਹੋਤੇ ਹੈਂ। ਪ੍ਰਚਾਜ ਆਪ ਮੇਰੀ ਬਾਤ ਕੋ ਭਲੀ ਪ੍ਰਕਾਰ ਅਨੁਭਵ ਕਰਤੇ ਹੋ। ਤੁਮ ਝਾਈ ਵਾਈ ਕੀ ਮੂਰਖਤਾ ਮੇ ਮਤ ਪੜੋ। ਤੁਮ੍ਹਾਰੀ ਝਾਈ ਤੋ ਝੱਲੀ ਹੁਈ, ਨਹੀਂ –ਨਹੀਂ ਉਸ ਕੋ ਮਸਤਸ਼ਕ ਮੇਂ ਵਿਕਾਰ ਹੈ। ਉਸ ਕੀ ਬੁਧੀ ਮੇਂ ਭ੍ਰਸ਼ਟਤਾ ਸਮਾ ਗਈ ਹੈ। ਹਮੇਂ 'ਪਿਤਾ ਜੀ' ਔਰ ਉਨ੍ਹੇ 'ਮਾਤਾ ਜੀ' ਕਾ ਉਚਾਰਨ ਹੀ ਹਮੇਂ ਅਭੀਸ਼ਟ ਹੈ। ਯੱਦਯਪਿ ਹਮ ਸਬ ਆਪਨੇ ਨਿਵਾਸ ਸਥਾਨੋਂ ਮੇਂ ਵਿਸ਼ੁਧ ਹਿੰਦੀ ਕਾ ਹੀ ਉਚਾਰਨ ਕੀਆ ਕਰੇਂ, ਤੋ ਰਾਸ਼ਟਰ ਭਾਸ਼ਾ ਕਾ ਪ੍ਰਸ਼ਨ ਸ੍ਵਯੰਮ ਹੀ ਸ਼੍ਰੀਘ੍ਰਾਤਸ਼ੀਘਰ ਸਮਾਪਤ ਹੋ ਜਾਇ।

ਕਿਸ਼ੋਰ–ਪਰ ਭਾਪਾ ਜੀ, ਨਾ ਸੱਚ ਪਿਤਾ ਜੀ, ਆਪ ਸਾਰਾ ਦਿਨ ਹਿੰਦੀ ਬੋਲਣ ਦੀ ਕੋਸ਼ਸ਼ ਕਰਦੇ ਰਹਿੰਦੇ ਹੋ; ਤੇ ਏਨੇ ਕੁ ਕਾਮਯਾਬ ਵੀ ਹੋ ਗਏ ਹੋ ਕਿ ਆਮ ਲੋਕ ਹੁਣ ਆਪ ਦੀ ਗੱਲ ਬਾਤ ਛੇਤੀ ਛੇਤੀ ਨਹੀਂ ਸਮਝ ਸਕਦੇ। ਪਰ ਘਰ ਆਇਆਂ, ਜਦੋਂ ਤੁਹਾਨੂੰ ਗੁਸਾ ਆਉਂਦਾ ਹੈ ਤਾਂ ਮੈਨੂੰ ਤੇ

ਭਾਈ ਨੂੰ, ਨਾ—ਨਾ ਮੈਂ ਭੁਲ ਗਿਆ, ਮਾਤਾ ਜੀ ਨੂੰ ਹਿੰਦੀ ਭੁਲ ਕੇ ਪੰਜਾਬੀ ਵਿਚ ਹੀ ਨਾਰਾਜ਼ ਹੁੰਦੇ ਹੋ। ਗੁਡੋ ਨਾਲ ਲਾਡ ਵੀ ਪੰਜਾਬੀ ਵਿਚ ਹੀ ਕਰਦੇ ਹੋ। ਸਾਨੂੰ ਗਾਲਾਂ ਕਢਦਿਆਂ ਵੀ ਆਪ ਤੋਂ ਪੰਜਾਬੀ ਹੀ ਬੋਲੀ ਜਾਂਦੀ ਹੈ।

ਕੁਲ ਭੂਸ਼ਣ—ਤੁਮ੍ਹਰੀ ਮੂੜ੍ਹਮਤੀ ਔਰ ਅਯੋਗਯ ਭਾਈ, ਨਮੋ ਸ਼ਿਵਾਇ, ਨਾ—ਨਾ, ਮਾਤਾ ਮਾਨ ਜਾਇ, ਤਬ ਤੋ ਹੈ। ਮੈਂ ਨੇ ਉਸ ਕੇ ਸਾਥ ਅਸੀਮ ਮਾਥਾ ਪੱਚੀ ਕੀ, ਪ੍ਰੰਤੂ ਵੁਹ ਮਿਹਾਂਚਲ ਸੀ ਅਹਿੱਲ ਆਪਨੀ ਮੂੜਤਾ ਪਰ ਗਰਵ ਕਰਤੀ ਹੁਈ ਕਹਿਤੀ ਹੈ—"ਸਾਡੇ ਕੋਲੋਂ ਨਹੀਂ ਤੁਹਾਡੀ ਹਮਕੀ-ਤੁਮਕੀ ਨਾਲ ਮਗਜ਼ ਮਾਰਿਆ ਜਾਂਦਾ। ਅਸੀਂ ਤੇ ਉਹੋ ਬੋਲਾਂਗੇ ਜੋ ਅਸਾਂ ਜੰਮਣ ਤੋਂ ਲੈ ਕੇ ਹੁਣ ਤਕ ਸੁਣਿਆ ਸਮਝਿਆ ਹੈ।" ਬੋਲੋ, ਇਨ ਜੈਸੀਓਂ ਕੇ ਲੀਏ ਹੀ ਤੋ ਸ੍ਰੀ ਗੋਸ੍ਵਾਮੀ ਤੁਲਸੀ ਦਾਸ ਜੀ ਨੇ ਕਹਾ ਹੈ—

ਢੋਰ:, ਗੁਾਰ, ਸ਼ੂਦ੍ਰ ਅਰ ਨਾਰੀ।
ਚਾਰੋਂ ਤਾੜਨ ਕੇ ਅਧਿਕਾਰੀ।

ਕਿਸ਼ੋਰ—ਪਿਤਾ ਜੀ, ਜਦ ਦੇ ਅੰਗਰੇਜ਼ ਚਲੇ ਗਏ ਨੇ ਆਪ ਏਡੇ ਹਿੰਦੀ ਦੇ ਪੱਖੀ ਕਿਵੇਂ ਬਣ ਗਏ? ਅੱਜ ਤੱਕ ਆਪ ਪੰਜਾਬੀ ਬੋਲਦੇ ਰਹੇ। ਸਾਨੂੰ ਲਡਾਂਦੇ, ਰੁਸਾਂਦੇ ਵਿਰਾਂਦੇ ਤੇ ਸਜਣਾਂ ਮਿੱਤ੍ਰਾਂ ਦੇ ਸੁਆਗਤ ਪੰਜਾਬੀ ਵਿਚ ਤੇ ਪੰਜਾਬੀ ਤ੍ਰੀਕੇ ਨਾਲ ਹੀ ਕਰਦੇ ਰਹੇ ਤੇ ਲਿਖਣ ਵਿਚ ਹਮੇਸ਼ਾਂ ਉਰਦੂ ਵਰਤਦੇ ਰਹੇ। ਕੀ ਤੁਸਾਂ ਹੁਣ ਤੱਕ ਦਾ ਚਿੱਠੀ ਪੱਤ੍ਰ ਉਰਦੂ ਵਿਚ ਨਹੀਂ ਕੀਤਾ? ਤੇ ਆਪਣਾ ਅਖਬਾਰ 'ਮਹਿਤਾਬ' ਵੀ ਤਾਂ ਉਰਦੂ ਵਿਚ ਹੀ ਹੈ, ਫਿਰ ਆਪ ਏਡੀ ਛੇਤੀ ਹਿੰਦੀ ਪ੍ਰੇਮੀ ਕਿਉਂ ਤੇ

ਪੰਜਾਬੀ ਤੋਂ ਬੇ ਵਾਸਤਾ ਕਿਵੇਂ ਹੋ ਗਏ ?

ਕੁਲ ਭੂਸ਼ਨ—ਕਿਸ਼ੋਰ ਪੁਤ੍ਰ ! ਤੁਮ ਅਭੀ ਇਸ ਕਾ ਮਹੱਤ੍ਵ ਨਹੀਂ ਸਮਝ ਸਕਤੇ । ਪੰਜਾਬੀ ਭਾਸ਼ਾ ਕੋ ਪ੍ਰਾਂਤਿਕ ਭਾਸ਼ਾ ਸ੍ਵੀਕਾਰ ਔਰ ਉਸ ਕੋ ਪ੍ਰਯੋਗ ਕਰਨੇ ਕਾ ਭਾਵ ਹੈ ਸਿਖ ਸੰਸਕ੍ਰਿਤੀ (ਕਲਚਰ) ਕੋ ਸ੍ਵੀਕ੍ਰਿਤ ਕਰਨਾ, ਅਤਏਵ ਰਾਸ਼ਟਰ ਭਾਸ਼ਾ ਦੇਵ ਨਾਗਰੀ ਕੋ ਪਦਚਯੁਤ ਕਰਨਾ। ਹਮਾਰਾ ਯਹਿ ਲਖਸ਼ ਹੈ ਕਿ ਪੰਜਾਬ ਕਾ ਏਕ ਭੀ ਹਿੰਦੂ ਔਰ ਸਿਖ, ਦੇਵ ਨਾਗਰੀ ਕੇ ਅਤਿਰਿਕਤ ਅੰਨਯ ਕਿਸੀ ਭੀ ਭਾਸ਼ਾ ਕਾ ਪ੍ਰਯੋਗ ਨਾ ਕਰੇ। ਯਦੀ ਹਮ ਪੰਜਾਬੀ ਪ੍ਰਾਂਤਿਕ ਭਾਸ਼ਾ ਸਵੀਕਾਰ ਕਰ ਲੇਂ ਤਬ ਹਮੇ ਮਹਾਨ ਹਾਨੀ ਸਹਨੀ ਪੜੇਗੀ। ਇਸ ਸੇ ਸਿਖ ਸੰਸਕ੍ਰਿਤੀ ਕੋ ਸ਼ਕਤੀ ਮਿਲੇਗੀ, ਸਿਖ ਧਰਮ ਕੋ ਬਲ ਪਰਾਪਤ ਹੋਗਾ। ਤਬ ਸਿਖ ਹਿੰਦੀ ਕੋ ਰਾਸ਼ਟਰ ਭਾਸ਼ਾ ਕੈਸੇ ਸਵੀਕਾਰ ਕਰੇਂਗੇ ?

ਕਿਸ਼ੋਰ—ਜੇ ਅਸੀਂ ਅਜ ਤਕ ਉਰਦੂ ਲਿਖ, ਪੜ੍ਹ, ਬੋਲ ਕੇ ਵੀ ਮੁਸਲਿਮ ਕਲਚਰ ਨਹੀਂ ਅਪਣਾ ਸਕੇ, ਤੇ ਏਹੋ ਉਰਦੂ ਹੀ ਅਖ਼ਬਾਰਾਂ ਟਰੈਕਟਾਂ ਰਾਹੀਂ ਸੰਚਾਰਦੇ ਰਹੇ, ਸਾਡੀ ਐਸ਼ ਇਸ਼ਰਤ ਦੇ ਖ਼ਰਚ ਅਖ਼ਰਾਜਾਤ ਵੀ ਉਰਦੂ ਲਿਖਤਾਂ ਤੇ ਪੰਜਾਬੀ ਬੋਲੀ ਨਾਲ ਹੀ ਚਲਦੇ ਰਹੇ, ਤੇ ਖ਼ਾਸ ਕਰ ਏਹ ਸਭ ਕੁਝ ਕਰਦਿਆਂ ਅਸੀਂ ਆਪਣੇ ਹਲਕੇ ਦੇ ਲੀਡਰ ਵੀ ਤਸਲੀਮ ਕੀਤੇ ਜਾਂਦੇ ਰਹੇ, ਤਦ ਅਜ ਪੰਜਾਬੀ, ਜੇਹੜੀ ਕਿ ਠੀਕ ਹੀ ਸਾਡੀ ਮਾਦਰੀ ਜ਼ਬਾਨ ਹੈ, ਦੇ ਵਰਤਣ ਨਾਲ ਕਿਵੇਂ ਅਸੀਂ ਸਿਖ ਕਲਚਰ ਨੂੰ ਅਪਣਾ ਲਵਾਂਗੇ ?

ਫਿਰ ਸਿਖ ਕਲਚਰ ਵੀ ਤੇ ਆਪਣਾ ਹੀ ਹੈ ਇਹ ਕੋਈ

ਬਾਹਰੋਂ ਆਇਆ ਵਿਦੇਸ਼ੀ ਤੇ ਹੈ ਹੀ ਨਹੀਂ। ਮਾਤਾ ਜੀ ਪੰਜਾਬੀ ਬੋਲਦੇ ਹਨ । ਪਰ ਹਰ ਰੋਜ਼ ਮੰਦਰ ਜਾ ਕੇ ਦਰਸ਼ਨ ਤੇ ਪਾਠ ਪੂਜਾ ਕਰ, ਕਥਾ ਕੀਰਤਨ ਸੁਣ ਫਿਰ ਹੋਰ ਕੁਝ ਕਰਦੇ ਹਨ । ਉਹਨਾਂ ਤੇ ਸਿਖ ਕਲਚਰ ਦਾ ਕੋਈ ਅਸਰ ਨਹੀਂ ਪਿਆ ? ਮੈਂ ਬੋਲੀ ਵਲੋਂ ਪੰਜਾਬੀ ਦਾ ਪੱਖੀ ਹਾਂ, ਪਰ ਹਿੰਦੂ ਧਰਮ ਦੇ ਮੁਕਾਬਲੇ ਤੇ ਹੋਰ ਕਿਸੇ ਵੀ ਧਰਮ ਨੂੰ ਉਚੇਰਾ ਨਹੀਂ ਸਮਝਦਾ। ਫਿਰ ਸਿਖ ਤੇ ਹਿੰਦੂ ਤਾਂ ਹੋਏ ਹੀ ਇਕ ਰੁੱਖ ਦੀਆਂ ਦੋ ਸ਼ਾਖਾਂ !

ਕੁਲ ਭੂਸ਼ਣ--ਅਰੇ ਮੂੜ੍ਹ ! ਤੂੰ ਨੇ ਤੋ ਉਪਦੇਸ਼ ਦੇਣਾ ਹੀ ਪ੍ਰਾਰੰਭ ਕਰ ਦੀਆ । ਮੈਂ ਤੋਂ ਸੀਧੇ ਔਰ ਸਪੱਸ਼ਟ ਸ਼ਬਦੋਂ ਮੇਂ ਕਹਿਤਾ ਹੂੰ ਕਿ ਜਿਸ ਕ੍ਰਤੱਵਯ ਸੇ ਸਿੱਖੋਂ ਕੋ ਕਿਸੀ ਪ੍ਰਕਾਰ ਭੀ ਪ੍ਰੋਤਸਾਹਨ ਮਿਲੇ, ਉਨ ਕੀ ਭਾਸ਼ਾ ਕਾ ਪ੍ਰਚਾਰ ਬੜ੍ਹੇ, ਉਨ ਕੇ ਧਰਮ ਗ੍ਰੰਥ ਔਰ ਇਤਿਹਾਸ ਕੋ ਜਾਨਾ ਜਾ ਸਕੇ, ਵਾ ਜਾਨਨੇ ਕੇ ਲੀਏ ਮਾਰਗ ਖੁਲ੍ਹ ਜਾਇ, ਹਮ ਉਸ ਕੋ ਕਦਾਪੀ ਸਹਿਨ ਨਹੀਂ ਕਰ ਸਕਤੇ।

ਕਿਸ਼ੋਰ--ਪਿਤਾ ਜੀ ! ਮੈਂ ਤਾਂ ਫਿਰ ਆਪ ਦੇ ਇਨ੍ਹਾਂ ਸੁੰਗੜਵੇਂ ਵਿਚਾਰਾਂ ਨਾਲ ਸਹਿਮਤ ਨਹੀਂ । ਤੁਸੀਂ ਕੱਟੜ ਮਜ਼੍ਹਬੀਅਤ ਵਿਚ ਫਸੇ ਹੋਏ ਆਪਣੀ ਲਿਖਤ, ਬੋਲੀ ਤੇ ਕੰਮਾਂ ਨਾਲ ਹੋਰਨਾਂ ਨੂੰ ਵੀ ਗ਼ਲਤ ਰਸਤੇ ਦੀ ਪ੍ਰੇਰਨਾ ਦਿੰਦੇ ਹੋ ਤੇ ਅਸਲੀਅਤ ਨੂੰ ਅੱਖੋਂ ਓਹਲੇ ਕਰ ਕੇ ਫ਼ਿਰਕਾ ਪ੍ਰਸਤੀ ਦੇ ਟੋਏ ਵਿਚ ਡਿੱਗ ਰਹੇ ਹੋ । ਪੂਰਬੀ ਪੰਜਾਬ ਵਿਚ ਪੰਜਾਬੀ ਨੂੰ ਛਡ ਕੇ, ਦੇਵ ਨਾਗਰੀ ਭਾਸ਼ਾ ਹੀ ਲਿਖੀ ਤੇ ਬੋਲੀ ਜਾਇ, ਏਹ ਸਾਰੇ ਹੀ ਪੰਜਾਬੀਆਂ

ਦੀ ਕਿਸਮਤ ਤੇ ਕੁਹਾੜਾ ਹੈ । ਇਹ ਬੇਇਨਸਾਫ਼ੀ ਹੈ ਤੇ ਬਹੁ-ਗਿਣਤੀ ਦਾ ਘੱਟ- ਗਿਣਤੀ ਤੇ ਧੱਕਾ ਹੈ। ਪੰਜਾਬੀ ਕੱਲੇ ਸਿਖਾਂ ਦੀ ਹੀ ਨਹੀਂ, ਏਹ ਪੰਜਾਬ ਦੇ ਹਰ ਜੰਮ ਪਲ ਦੀ ਆਪਣੀ ਬੋਲੀ ਹੈ, ਭਾਵੇਂ ਉਹ ਹਿੰਦੂ ਹੈ ਸਿਖ ਹੈ ਮੁਸਲਮਾਨ ਹੈ ਜਾਂ ਈਸਾਈ ਹੈ।

ਕੁਲ ਭੂਸ਼ਨ—(ਚਿੜ੍ਹ ਕੇ) ਸ੍ਰੀ ਮਾਨ ਜੀ, ਆਪ ਕੋ ਗਯਾਤ ਹੋਨਾ ਚਾਹੀਏ ਕਿ ਯਦਯਪਿ ਹਮ ਹਿੰਦੂ ਹੀ ਪੰਜਾਬੀ ਕਾ ਪ੍ਰਚਾਰ ਕਰਨੇ ਲਗੇਂ ਤੋ ਹਿੰਦੀ ਕੋ ਕੌਣ ਪੂਛੇਗਾ ? ਐਸਾ ਕਰਨੇ ਸੇ ਹਮਾਰੇ ਵੇਦ ਵੇਦਾਂਗ, ਗੀਤਾਂ ਉਪਨਿਸ਼ਦ ਆਦਿ ਇਸ ਪ੍ਰਾਂਤ ਮੇਂ ਤੋ ਨਸ਼ਟ ਪ੍ਰਾਇ ਹੋ ਜਾਂਇਗੇ, ਦੇਵ-ਨਾਗਰੀ ਲਿਪੀ ਔਰ ਭਾਸ਼ਾ ਸੌਤੇਲੀ ਬਨ ਕਰ ਰਹਿ ਜਾਇਗੀ ।

ਕਿਸ਼ੋਰ--ਨਹੀਂ ਪਿਤਾ ਜੀ, ਏਹ ਆਪ ਦਾ ਧੱਕਾ ਹੈ । ਆਪ ਹਿੰਦੀ ਨੂੰ ਹਿੰਦੂ ਧਰਮ ਦੀ ਬੋਲੀ ਸਮਝਦੇ ਹੋ, ਤੇ ਪੰਜਾਬੀ ਨੂੰ ਸਿਖ ਧਰਮ ਦੀ । ਅਸਲ ਵਿਚ ਬੋਲੀਆਂ ਮੁਖ਼ਤਲਿਫ਼ ਸੂਬਿਆਂ ਦੇ ਵਖੋ-ਵਖ ਜਲਵਾਯੂ ਨਾਲ ਸੰਬੰਧਤ ਹੁੰਦੀਆਂ ਹਨ । ਇਕੋ ਸੂਬੇ ਦੀ ਬੋਲੀ ਨੂੰ ਜੇ ਅਸੀਂ ਉਸ ਦੇ ਇਲਾਕਿਆਂ ਵਿਚ ਫਿਰ ਕੇ ਵੇਖੀਏ ਤਾਂ ਕਈਆਂ ਰੰਗਾਂ ਵਿਚ ਨਜ਼ਰ ਆਵੇਗੀ । ਆਵਾਜ਼ ਤੇ ਸ਼ਬਦਾਂ ਦੇ ਲਹਾ-ਚੜ੍ਹਾ ਮੁਖਤਲਿਫ਼ ਜਲ ਵਾਯੂ ਹਮੇਸ਼ਾ ਬਦਲਾਂ ਦੇ ਰਹਿੰਦੇ ਹਨ ਤੇ ਜੇਹੜਾ ਤੁਸੀਂ ਕਹਿੰਦੇ ਹੋ ਕਿ ਫਿਰ ਹਿੰਦੀ ਨੂੰ ਕੌਣ ਪੁਛੇਗਾ, ਇਸ ਬਾਬਤ ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਸਿਖਾਂ ਦੇ ਸਾਰੇ ਵੱਡੇ ਵੱਡੇ ਲੀਡਰ ਆਖ ਰਹੇ ਹਨ ਕਿ ਉਹ ਸੂਬਾਈ ਜ਼ਬਾਨ ਪੰਜਾਬੀ ਚਾਂਹਦੇ ਹਨ ਤੇ ਰਾਸ਼ਟਰ ਭਾਸ਼ਾ ਦੇ ਰੂਪ ਵਿਚ ਹਿੰਦੀ ਨੂੰ ਅਪਨਾਉਣ ਦੇ ਉਕਾ ਹੀ ਵਿਰੋਧੀ ਨਹੀਂ । ਹੁਣੇ—ਹੁਣੇ ਪਟਿਆਲਾ ਯੂਨੀਅਨ ਦੇ

ਪ੍ਰਧਾਨ ਮੰਤਰੀ ਨੇ ਆਪਣੇ ਬਜਟ-ਭਾਸ਼ਣ ਵਿਚ ਕਿਹਾ ਹੈ: 'ਹਿੰਦੀ ਦੇਸ਼ ਦੀ ਰਾਸ਼ਟਰ ਭਾਸ਼ਾ ਹੋਵੇਗੀ ਅਤੇ ਕੋਈ ਪ੍ਰਾਂਤ ਅਥਵਾ ਧਨੀਅਨ ਦੇਸ਼ ਦੀ ਏਕਤਾ ਹਿਤ ਹਿੰਦੀ ਸਿਖਣ ਨੂੰ ਅਖੋਂ ਓਹਲੇ ਨਹੀਂ ਕਰ ਸਕਦਾ।'

ਇਸ ਤੋਂ ਬਹੁਤਾ ਹੋਰ ਕੀ ਆਖਿਆ ਜਾ ਸਕਦਾ ਹੈ, ਇਸ ਲਈ ਪਿਤਾ ਜੀ, ਆਪ ਹਠ ਨਾ ਕਰੋ ਅਤੇ ਨਾ ਹੀ ਬੋਲੀ ਦੇ ਸਵਾਲ ਨੂੰ ਮਜ਼ਹਬੀ ਰੰਗ ਚਾੜੋ, ਇਸ ਨਾਲ ਪੰਜਾਬ ਦਾ ਵਾਯੂ ਮੰਡਲ ਨਾ-ਖੁਸ਼ਗਵਾਰ ਹੋ ਜਾਵੇਗਾ ਤੇ ਰਾਸ਼ਟਰ ਪਿਤਾ ਜੀ ਦੇ ਉੱਚ ਆਦਰਸ਼ ਦਾ ਵੀ ਖ਼ਾਤਮਾ ਹੋ ਜਾਵੇਗਾ। ਤੁਸੀਂ ਕਾਨਪੁਰ ਵਗੈਰਾਂ ਯੂ. ਪੀ. ਦੇ ਸ਼ਹਿਰਾਂ ਵਲ ਜਾ ਰਹੇ ਹੋ, ਓਥੇ ਸ੍ਰੀ ਰਾਹੁਲ ਜੀ ਆਨੰਦ ਜੀ ਆਦਿ ਹਿੰਦੀ ਸਾਹਿਤਕਾਰਾਂ ਨਾਲ ਵਿਚਾਰ ਕਰਨਾ। ਜਿਵੇਂ ਅਗੇ ਸਾਡੇ ਬਹੁਤ ਸਾਰੇ ਹਿੰਦੂ ਆਗੂਆਂ ਦੇ ਸੰਕੁਚਿਤ ਵਿਚਾਰਾਂ ਕਰ ਕੇ ਮੁਸਲਮਾਨ ਭਾਈ ਸਾਥੋਂ ਸਦਾ ਲਈ ਜੁਦਾ ਹੋ ਗਏ ਹਨ, ਓਵੇਂ ਐਸਾ ਨਾ ਹੋਵੇ ਜੁ ਅਸੀਂ ਅਪਣੇ ਸਿਖ ਭਰਾਵਾਂ ਨੂੰ ਵੀ ਨਾਰਾਜ਼ ਕਰ ਲਈਏ।

ਕੁਲ ਭੂਸ਼ਣ–(ਚਿੜ ਕੇ) ਅਛਾ ਅਛਾ, ਪਧਾਰੀਏ ਮਹਾਸ਼ਯ ਕਿਸ਼ੋਰ ਜੀ, ਆਪ ਕੀ ਮਾਤਾ ਔਰ ਆਪ ਕੇ ਮਸਤਸ਼ਕ ਮੇਂ ਨਾ ਜਾਨੇ ਕੈਸਾ ਭੂਸਾ ਭਰਾ ਹੂਆ ਹੈ ਕਿ ਕਭੀ ਭੀ ਸੀਧੇ ਮਾਰਗ ਪਰ ਗਮਨ ਕਰਨਾ ਆਪ ਨੇ ਨਹੀਂ ਜਾਨਾ।

ਕਿਸ਼ੋਰ–(ਜਾਂਦਾ ਹੋਇਆ) ਜੈ ਹਿੰਦ ਪਿਤਾ ਜੀ !

ਕੁਲ ਭੂਸ਼ਣ–ਨਮਸਤੇ–ਨਮਸਤੇ ।

(ਤਾਂਗੇ ਵਾਲਾ ਤਾਂਗਾ ਲਈ ਆਉਂਦਾ ਹੈ ਉਸ ਨੂੰ ਦੂਰੋਂ ਹੀ)

ਤਾਂਗੇ ਵਾਲਾ–ਇਕ ਸਵਾਰੀ ਸਟੇਸ਼ਨ, ਚੱਲੋ ਕੋਈ ਸਵਾਰੀ ! ਕਿਉਂ ਬਾਬੂ ਜੀ ਚੱਲਣਾ ਜੇ ?

ਕੁਲ ਭੂਸ਼ਣ–ਕਯਾ ਆਪ ਕਾ ਦ੍ਵੈਚਕ੍ਰ-ਅਸ਼੍ਵਰਥ ਲੋਹ-ਪਥ-ਗਾਮਿਨੀ ਵਿਸ਼੍ਰਾਮ-ਸਥਲ ਕੀ ਦਸ਼ਾ ਮੇਂ ਜਾ ਰਹਾ ਹੈ ?

ਤਾਂਗੇ ਵਾਲਾ–(ਮਤਲਬ ਨਾ ਸਮਝਦਿਆਂ ਹੈਰਾਨੀ ਨਾਲ) ਬਾਬੂ ਜੀ ਮੈਂ ਸਟੇਸ਼ਨ ਤੇ ਜਾਣਾ ਹੈ, ਚੱਲਣਾ ਜੇ ਤਾਂ ਬੈਠਣ ਦੀ ਕਰੋ।

ਕੁਲ ਭੂਸ਼ਣ–ਹੇ ਪਰਿਚਾਲਕ ਮਹੋਦਯ, ਕ੍ਰਿਪਯਾ ਮੁਝੇ ਭੀ ਅਪਨੇ ਦ੍ਵੈਚਕ੍ਰ-ਅਸ਼੍ਵਰਥ ਪਰ ਲੋਹ-ਪਥ-ਗਾਮਿਨੀ ਕੇ ਵਿਸ਼੍ਰਾਮ ਸਥਲ ਤਕ ਪ੍ਰੀਚਾਲਨ ਕਾ ਕਸ਼ਟ ਕਰੇਂ।

ਤਾਂਗੇ ਵਾਲਾ –(ਤੰਗ ਪੈ ਕੇ) ਬਾਬੂ ਜੀ ਜ਼ਰਾ ਸੰਭਲ ਕੇ ਗੱਲ ਕਰੋ। ਮੈਨੂੰ ਹੋਰ ਕਸ਼ਟ ਤੇ ਕੋਈ ਨਹੀਂ ਪਰ ਐਹ ਜੋ ਕੁਝ ਤੁਸੀਂ ਬੋਲੀ ਜਾ ਰਹੇ ਹੋ, ਇਸ ਨਾਲ ਕਸ਼ਟ ਹੀ ਨਹੀਂ ਕਸ਼ਟ ਤੋਂ ਵੀ ਵਧੇਰੇ ਕੁਝ ਹੋ ਰਿਹਾ ਹੈ। ਮੈਨੂੰ ਖ਼ਤਰਾ ਹੈ ਕਿ ਇੰਜ ਬੋਲ ਬੋਲ ਕੇ ਕਿਤੇ ਤੁਸੀਂ ਆਪਣਾ ਜ਼ਬਾਨ ਹੀ ਨਾ ਛਿਲ ਲੈਣੀ। ਇਸ ਲਈ ਫਿਰ ਨਾ ਕਹਿਣਾ ਕਿ ਤਾਂਗੇ ਵਾਲੇ ਕੁਪਤੇ ਹੁੰਦੇ ਹਨ। ਮੈਂ ਬਾਬੂ ਜੀ–ਬਾਬੂ ਜੀ ਕਹਿੰਦਾ ਹਾਂ ਤੇ ਤੁਸੀਂ ਸਿਰ ਤੇ ਚੜ੍ਹੀ ਜਾਂਦੇ ਹੋ।

ਕੁਲ ਭੂਸ਼ਣ–ਧੰਨਵਾਦ ਧੰਨਵਾਦ !

(ਨੌਕਰ ਸਾਮਾਨ ਰਖ ਕੇ ਵਾਪਸ ਤੁਰ ਪੈਂਦਾ ਹੈ)ਹੇ ਪਰਿਚਾਲਕ ਮਹੋਦਯ। ਅਸ਼੍ਵਰਥ ਪ੍ਰੀਚਾਲਨ ਕਾ ਸ਼ੀਘਰ ਹੀ ਕਸ਼ਟ ਕਰੇਂ, ਵਾਸ਼ਪ ਵਾਹਕਯਾਨ ਕੇ ਆਗਮਨ ਮੇ ਵਿਲੰਬ ਨਹੀਂ।

ਤਾਂਗੇ ਵਾਲਾ–(ਛਿਥਾ ਪੈ ਕੇ) ਬਾਬੂ ਹੋਸ਼ ਕਰ, ਬਹਿਣਾ ਈ ਤਾਂ ਬਹਿ,

ਮੈਂ ਬਾਜ਼ ਆਇਆ ਅਜੇਹੀ ਪਸ਼ਤੋ ਤੋਂ । ਮੇਰੇ ਨਾਲ ਗੱਲ ਕਰਨੀ ਊ ਤਾਂ ਪੰਜਾਬੀ ਵਿਚ ਹੀ ਕਰ । ਵੇਖਣ ਨੂੰ ਤਾਂ ਚੰਗਾ ਭਲਾ ਪੰਜਾਬੀ ਹੀ ਜਾਪਦਾ ਏਂ ਪਰ ਬੋਲਣ ਵੇਰੀਂ ਏਹ ਕੀ ਬੋਲੀ ਜਾਂਦਾ ਏਂ ? (ਟਾਂਗੇ ਵਾਲਾ ਗਲ ਨਾ ਸਮਝਦਾ ਹੋਇਆ ਤੁਰ ਜਾਂਦਾ ਹੈ, ਅਗੇ ਅਗੇ ਨੌਕਰ ਤੇ ਪਿਛੇ ਪਿਛੇ ਕੁਲ ਭੂਸ਼ਨ; ਸਟੇਸ਼ਨ ਆ ਜਾਂਦਾ ਹੈ। ਕੁਲੀ ਅਵਾਜ਼ ਦਿੰਦਾ ਹੋਇਆ)

ਕੁਲੀ–ਬਾਬੂ ਜੀ, ਕੁਲੀ ਚਾਹੀਏ ?

ਕੁਲ ਭੂਸ਼ਨ–ਹੇ ਭਾਰ ਬਾਹਨ, ਭਾਰ ਉਠਾਓ, ਝੰਝਾਵਾਤ ਲੋਹ-ਪਥ-ਗਾਮਿਨੀ ਕਿਸ ਅਵਿਰੁਧ ਸਥਲ ਪਰ ਗਤੀ ਸ਼ੂੰਨਯ ਹੋਗੀ ?

ਕੁਲੀ–(ਅਪਣੀ ਟੋਲੀ ਵੱਲ ਮੂੰਹ ਕਰ ਕੇ ਜੋ ਕਿ ਕੁਝ ਦੂਰੀ ਤੇ ਹੈ) ਜਮਾਂਦਾਰ! ਏ ਜਮਾਂਦਾਰ ਰਾਮ ਰਤਨ! ਜ਼ਰਾ ਜਲਦੀ ਆਉਣਾ, ਇਸ ਕਵੱਲੇ ਤੇ ਝੱਲੇ ਬੰਦੇ ਨਾਲ ਵਾਹ ਪੈ ਰਿਹਾ ਹੈ। ਸਿਧੀ ਤਰ੍ਹਾਂ ਗੱਲ ਕਰਨੀ ਹੀ ਨਹੀਂ ਜਾਣਦਾ। ਪਿਛਲੇ ੨੫--੩੦ ਸਾਲਾਂ ਵਿਚ ਮਸਾਂ-ਮਸਾਂ ਕੁਝ-ਕੁਝ ਅੰਗਰੇਜ਼ਾਂ ਦੀਆਂ ਗੱਲਾਂ ਤੇ ਇਸ਼ਾਰੇ ਸਮਝਣ ਲਗੇ ਸਾਂ, ਹੁਣ ਇਹ ਨਵੀਂ ਬਲਾ ਹੋਰ ਆਣ ਪਈ ਹੈ। ਸਹੁੰ ਗਊ ਮਾਤਾ ਦੀ, ਏਹ ਬੋਲੀ ਮੈਂ ੩੦ ਸਾਲਾਂ ਵਿਚ ਜਲੰਧਰ ਸਟੇਸ਼ਨ ਤੇ ਪਹਿਲੀ ਵਾਰ ਹੀ ਸੁਣੀ ਹੈ। ਪਤਾ ਨਹੀਂ ਏਹ ਬਾਬੂ ਕੀ ਗਾਲਾਂ ਦੇਂਦਾ ਪਿਆ ਹੈ ?
(ਜਮਾਂਦਾਰ ਰਾਮ ਰਤਨ ਤੇ ਹੋਰ ਕੁਲੀ ਉਹਨਾਂ ਦੇ ਦੁਆਲੇ ਆ ਖਲੋਂਦੇ ਹਨ)

ਰਤਨ–ਕੀ ਆਂਹਦੇ ਹੋ ਬਾਬੂ ਜੀ !

ਕੁਲਭੂਸ਼ਨ–ਹੇ ਭਾਰ ਬਾਹਨ, ਝੰਝਾਵਾਤ ਲੋਹਪਥ ਗਾਮਿਨੀ ਕਿਸ

ਅਵਿਰੁਧ ਸਥਲ ਪਰ ਗਤੀ ਸ਼ੰਨਯ ਹੋਗੀ ?

ਰਤਨ.--(ਪਹਿਲੇ ਕੁਲੀ ਨੂੰ) ਪੰਡਤਾ ! ਗੁਸਾ ਨਾ ਕਰ । ਇਸ ਬਾਬੂ ਦੇ ਦਿਮਾਗ ਵਿਚ ਕੁਝ ਕਸਰ ਹੈ। ਸਾਮਾਨ ਚੁਕ ਲੈ, ਜਿਥੇ ਆਹਦਾ ਏ, ਲੈ ਚੱਲ ਸੂ ।

ਡਤ--ਪਰ ਜਮਾਂਦਾਰ, ਏਹ ਬਾਬੂ ਆਂਹਦਾ ਕੀ ਏ ? ਕੁਝ ਸਮਝ ਵ ਤੇ ਆਵੇ ਨਾ ।

ਰਤਨ--(ਹੱਸ ਕੇ) ਆਂਹਦਾ ਏ ਮੇਰਾ ਸਿਰ, ਇਹ ਜੋ ਕੁਝ ਆਂਹਦਾ ਏ, ਏਹਨੂੰ ਆਪ ਨੂੰ ਵੀ ਪਤਾ ਨਹੀਂ ਹੋਣਾ। ਐਵੇਂ ਹੀ ਫਾਂਰਸੀਆਂ ਘੋਟਦਾ ਫਿਰਦਾ ਏ।

(ਟਿਕਟ ਘਰ ਦੀ ਖਿੜਕੀ ਅੱਗੇ)

ਇਕ ਮੁਸਾਫਰ--(ਭੀੜ ਨੂੰ ਤਕ ਕੇ) ਓਹ ਅੱਜ ਤਾਂ ਬੜੀ ਭੀੜ ਏ।

ਕੁਲ ਭੂਸ਼ਨ--ਸੁਤੰਤ੍ਰ ਭਾਰਤ ਕੇ ਪ੍ਰਤੰਤ੍ਰ ਜੀਵ-ਜੰਤੂ ਪ੍ਰਤੀਤ ਹੋਤੇ ਹੈਂ ਯਿਹ। (ਭੀੜ ਦੇ ਪਾਸ ਜਾ ਕੇ) ਓ ਮਾਨਵਤਾ ਕੇ ਨਗਨ ਪ੍ਰਦਰਸ਼ਕ, ਸ੍ਵਾਰਥੀ, ਸੁਤੰਤ੍ਰ ਭਾਰਤ ਕੇ ਕੁਪਾਤ੍ਰ ਗਣ ! ਹਮਾਰੀ ਲੋਹ-ਪਥ-ਗਾਮਿਨੀ ਵਿਸ਼੍ਰਾਮ-ਸਥਲ ਪਰ ਆਗਮਨ ਕਰਨਾ ਹੀ ਚਾਹਤੀ ਹੈ। ਕ੍ਰਿਪਯਾ ਹਮੇਂ ਭੀ ਮਾਰਗ-ਵਯ-ਦਾਨ-ਪਤ੍ਰਿਕਾ ਪਰਾਪਤ ਕਰਨੇ ਕਾ ਸੁਅਵਸਰ ਪ੍ਰਦਾਨ ਕਰੇਂ

ਇਕ ਪੇਂਡੂ--(ਗੁਸੇ ਵਿਚ) ਬਾਬੂ ਕਿਉਂ ਟੇਂ ਟੇਂ ਲਾ ਦਿਤੀ ਉ ? ਅਸੀਂ ਨਹੀਂ ਸਮਝ ਸਕਦੇ ਤੇਰੇ ਕੁੱਪੀ ਵਿਚ ਖੜਕਦੇ ਰੋੜਾਂ ਦਾ ਰੌਲਾ, ਸਿਧੀ ਤਰ੍ਹਾਂ ਗੱਲ ਕਰ, ਜੇ ਕੋਈ ਉਚੀ ਨੀਵੀਂ ਕੀਤੀ ਤਾਂ ਮੈਥੋਂ ਬੁਰਾ ਕੋਈ ਨਹੀਂ । ਇਹਨਾਂ ਫ਼ਾਰਸੀਆਂ ਨੂੰ ਘਰੇ ਰਖ।

ਕੁਲ ਭੁਸ਼ਣ-(ਨਰਮੀ ਨਾਲ) ਹੇ ਭਾਰਤੀਯ ਗ੍ਰਾਮ ਨਿਵਾਸੀ! ਕ੍ਰਿਪਯਾ ਰੁਸ਼ਟ ਨਾ ਹੋ, ਮੈਂ ਤੋ ਆਪ ਸੇ ਵਿਨੀਤ ਪ੍ਰਾਰਥਨਾ ਕਰ ਰਹਾ ਹੂੰ।

(ਟਿਕਟ ਬਾਬੂ ਨੂੰ)

ਯਾਤ੍ਰਾ-ਪ੍ਰਮਾਣ-ਪੱਤ੍ਰ ਦਾਇਕ-ਮਹੋਦਯ ! ਕ੍ਰਿਪਯਾ ਲਖਸ਼ਮਣ ਪੁਰ ਕਾ ਏਕ ਯਾਤ੍ਰਾ-ਪ੍ਰਮਾਣ-ਪਤ੍ਰ ਦੇਨੇ ਕਾ ਅਸੀਮ ਕਸ਼ਟ ਕਰੇਂ।

ਬਾਬੂ-(ਤਅਜੁਬ ਵਿਚ) ਕੀ ਆਂਹਦੇ ਹੋ, ? ਲਖਸ਼ਮਨ ਪੁਰ? ਲਖਸ਼ਮਨ ਪੁਰ ਕੋਈ ਰੇਲਵੇ ਸਟੇਸ਼ਨ ਨਹੀਂ।

ਕੁਲ ਭੁਸ਼ਣ–ਮਹਾਸ਼ਯ, ਲਖਸ਼ਮਣ ਪੁਰ ਪੂਰਵੀਯ ਲੋਹ-ਪਥ-ਗਾਮਿਨੀ ਕਾ ਵਿਸ਼ਾਲ-ਵਿਸ਼੍ਰਾਮ ਕੇਂਦਰ-ਸਥਲ ਹੈ, ਆਪ ਇਤਨੇ ਵਿਸ਼ਾਲ-ਵਿਸ਼੍ਰਾਮ-ਸਥਲ ਕੋ ਨਹੀਂ ਜਾਨਤੇ ? ਯਾਤ੍ਰਾ-ਪ੍ਰਮਾਣ-ਪਤ੍ਰ-ਦਾਇਕ-ਮਹੋਦਯ! ਕ੍ਰਿਪਯਾ ਆਪ ਸ਼ੀਘਰ ਲਜਾ ਕੋ ਗ੍ਰਹਨ ਕਰੇਂ।

ਪੇਂਡੂ-(ਤੰਗ ਪੈ ਕੇ) ਬਾਬੂ ਜੀ! ਇਹਨਾਂ ਦੀ ਫ਼ਾਰਸੀ ਫਿਰ ਸੁਣ ਲੈਣੀ, ਸਾਨੂੰ ਚਾਰ ਟਿਕਟਾਂ ਹਰਦੁਵਾਰ ਦੀਆਂ ਦੇ ਦੇਣੀਆਂ। ਗੱਡੀ ਆ ਗਈ ਜਾਪਦੀ ਹੈ।

ਕੁਲ ਭੁਸ਼ਣ-(ਪੇਂਡੂ ਨੂੰ) ਗ੍ਰਾਮੀਣ! ਮੈਂ ਤੋ ਭਾਰਤ ਖੰਡ ਕੀ ਪਵਿਤ੍ਰ ਭੂਮੀ ਪਰ ਵਿਸ਼ੁਧ ਹਿੰਦੀ ਭਾਸ਼ਾ ਕਾ ਪ੍ਰਯੋਗ ਕਰ ਰਹਾ ਹੂੰ। ਫ਼ਾਰਸੀ, ਅਰਬੀ ਮਲੇਛ ਭਾਸ਼ਾ ਕਾ ਪ੍ਰਯੋਗ ਕਰ ਕੇ ਮੈਂ ਇਸ ਆਰਯਵਰਤ ਜੰਬੂ ਦ੍ਵੀਪ ਕੋ ਅਪਵਿਤ੍ਰ ਨਹੀਂ ਕਰ ਸਕਤਾ।

ਪੇਂਡੂ-ਤੇਰੀ ਰੰਗੇਜੀ ਦਾ ਸਾਨੂੰ ਕੋਈ ਪਤਾ ਨਹੀਂ ਲਗਦਾ, ਬਾਬਾ! ਟਿਕਟਾਂ ਲੈ ਲੈਣ ਦੇ, ਸਾਡੀ ਗੱਡੀ ਨਾ ਲੰਘਾ ਦੇਈਂ।

ਬਾਬੂ–(ਕੁਲ ਭੂਸ਼ਣ ਨੂੰ) ਲਖਸ਼ਮਨ ਪੁਰ ਕੋਈ ਸਟੇਸ਼ਨ ਨਹੀਂ,
ਲੁਧਿਆਣੇ ਦਾ ਟਿਕਟ ਲੈ ਲਉ, ਉਸ ਤੋਂ ਅਗੇ ਦਾ ਫਿਰ
ਲੈ ਲੈਣਾ।

ਕੁਲ ਭੂਸ਼ਣ–(ਮਟਕ ਨਾਲ) ਆਜ ਕਲ ਕਾ ਲਖਨਊ ਲਖਸ਼ਮਨਪੁਰ
ਕਾ ਹੀ ਤੋ ਬਿਗੜਾ ਹੁਆ ਵਿਕ੍ਰਿਤ ਰੂਪ ਹੈ।

ਬਾਬੂ–(ਚਿੜ੍ਹ ਕੇ) ਫਿਰ ਪਹਿਲਾਂ ਹੀ ਲਖਨਊ ਨਹੀਂ ਸੀ ਕਿਹਾ
ਜਾਂਦਾ? ਜਲਦੀ ਕਰੋ।

ਕੁਲ ਭੂਸ਼ਣ--(ਟਿਕਟ ਲੈ ਕੇ ਤੇ ਪੈਸੇ ਦੇ ਕੇ) ਸ੍ਵੈਤੰਤ੍ਰ ਭਾਰਤ ਕੇ, ਪੌਰਾਣਿਕ ਨਗਰ
ਭਗਵਾਨ ਵਿਸ਼ਨੂ ਕੀ ਕ੍ਰੀੜਾ ਸਥਲੀ,
ਜਲੰਧਰ ਮੇਂ ਪ੍ਰਤੰਤ੍ਰਤਾ, ਅਗ੍ਯਾਨਤਾ ਔਰ ਭ੍ਰਸ਼ਟਾਚਾਰ !!!

(ਜਾਂਦਾ ਹੈ)

## ਝਾਕੀ ਚੌਥੀ

ਜਲੰਧਰ ਦਾ ਰੇਲਵੇ ਪਲੇਟ ਫ਼ਾਰਮ। ਭੀੜ ਦਾ ਇਕ ਠਾਠਾਂ ਮਾਰਦਾ ਸਮੁੰਦਰ। ਛਾਬੜੀਆਂ ਤੇ ਖੋਂਚਿਆਂ ਵਾਲਿਆਂ ਦਾ ਰੌਲਾ। 'ਪਾਨ ਬੀੜੀ ਸਿਗਰੇਟ' 'ਲਡੂ, ਪੇੜੇ, ਪੂਰੀਆਂ' 'ਚਾਇ, ਗਰਮ ਗਰਮ ਚਾਇ' 'ਲੀਚੀ ਆਲੂ ਬੁਖਾਰਾ, ਠੰਢਾ ਮਿਠਾ ਫ਼ਾਲਸਾ' 'ਕੇਲਾ ਚਿਤੀ ਵਾਲਾ, ਅੰਬ ਮਿਠੇ।'

ਕੁਲ ਭੂਸ਼ਣ--(ਇਕ ਪਾਨਵਾਈ ਨੂੰ ਰੋਕ ਕੇ) ਹੇ ਅਵਿਰੁਦ ਸਥਲ
ਪਰ ਤਾਂਬੂਲ ਤਥਾ ਤਮਾਲ ਪੂੰਗੀ ਫਲ-ਸ਼ਾਖਾ ਵਿਚਰਣ
ਵਿਕ੍ਰੇਤਾ! ਆਪ ਕਾ ਤਾਂਬੂਲ ਯਦਿ ਵਿਸ਼ੁਧ ਹੋ ਤੋ ਕ੍ਰਿਪਯਾ
ਮੁਝੇ ਭੀ ਦ੍ਵਿਤਾਂਸ਼ੂ ਮੁਦ੍ਰਾਉਂ ਕਾ ਤਾਂਬੂਲ ਦੇਣੇ ਕਾ
ਕਸ਼ਟ ਕਰੇਂ।

(ਪਾਨਵਾਈ ਕੁਲ ਭੁਸ਼ਣ ਨੂੰ ਕਨੱਖੀਆਂ ਨਾਲ ਘੂਰਦਾ ਹੋਇਆ ਅਨਸੁਣੀ ਕਰ ਕੇ ਅਗੇ ਵਧ ਜਾਂਦਾ ਹੈ)

ਫਲਾਂ ਵਾਲਾ—(ਉਚੀ ਅਵਾਜ਼ ਨਾਲ) ਲੀਚੀ, ਆਲੂ ਬੁਖ਼ਾਰਾ ਕੇਲਾ ਹਰੀ ਛੱਲ, ਅੰਬ ਮਿਠੇ।

ਕੁਲ ਭੂਸ਼ਣ--ਹੇ ਰਸਾਲ ਕੇਦਲੀ ਫਲ ਵਿਕ੍ਰੇਤਾ। ਮੇਰੇ ਨਿਕਟ ਆਨੇ ਕਾ ਕਸ਼ਟ ਕਰੇਂ।

(ਫਲਾਂ ਵਾਲੇ ਨੂੰ ਇਸ਼ਾਰੇ ਨਾਲ ਪਾਸ ਸਦ ਕੇ)
ਕ੍ਰਿਪਯਾ ਆਪ ਦ੍ਰਿਵਸ ਕੇਦਲੀ ਫਲ ਕਿਸ ਮੂਲਯ ਪਰ ਵਿਕ੍ਰਯ ਕਰੇਂਗੇ ?

ਫਲਾਂ ਵਾਲਾ--ਮੇਰੇ ਅੰਬ ਸ਼ਹਿਤ ਵਰਗੇ ਮਿਠੇ ਨੇ। ੧੨ ਆਨੇ ਸੇਰ ਲਾਏ ਨੇ, ਕੁਝ ਪੱਲੇ ਵੀ ਹੈ ਕਿ ਐਵੇਂ ਫ਼ਾਰਸੀਆਂ ਛਾਂਟਦਾ ਪਿਆ ਹੈਂ।

ਕੁਲ ਭੂਸ਼ਣ--(ਕੁਲੀ ਨੂੰ) ਭਾਰ ਬਹਾਨ ! ਕਿਆ ਝੰਝਾ-ਵਾਤ ਲੋਹ-ਪਥ ਗਾਮਿਨੀ ਇਸੀ ਅਵਿਰੁਧ ਸਥਲ ਪਰ ਗਤੀ ਸ਼ੂੰਨਯ ਨਹੀਂ ਹੋਗੀ ?

(ਕੁਲੀ ਘਬਰਾਇਅ ਜੇਹਾ ਮੂੰਹ ਵਲ ਤਕਣ ਲਗ ਪੈਂਦਾ ਹੈ। ਇਕ ਹੋਰ ਸੱਜਣ ਜੋ ਕੁਝ ਹਿੰਦੀ ਸਮਝਦਾ ਹੈ, ਹਸਦਾ ਹੋਇਆ)

ਸੱਜਨ–ਪੰਡਿਤ ਜੀ ਤੂਫ਼ਾਨ ਮੇਲ ਤਾਂ ਲੁਦਿਹਾਣਾ ਵੀ ਟੱਪ ਗਈ ਏ !

ਕੁਲ ਭੂਸ਼ਣ–ਫਿਰ ਬਹਿ ਵਾਸ਼ਪ-ਵਾਹਨ-ਯਾਨ-ਗਮਨਾਗਮਨ-ਸੂਚ ਅਰੁਣ-ਲੋਹ-ਸਤੰਭ ਕਿਉਂ ਗਿਰਾ ਹੈ ?

ਸੱਜਣ- ਇਹ ਸਿਗਨਲ ਮਾਲ ਗੱਡੀ ਦਾ ਹੈ।

ਕੁਲ ਭੂਸ਼ਣ–ਕਿੰਤੂ ਲੋਹ-ਪੱਥ-ਗਾਮਿਨੀ ਸਮਯ-ਸੂਚਨਾ ਕੇ ਅਨੁਸਾਰ ਤੋ ਝੰਝਾਵਾਤ ਕਾ ਸਮਯ ਅਬ ਹੋ ਰਹਾ ਹੈ।

ਸੱਜਣ--ਪਹਿਲੀ ਤਾਰੀਖ ਤੋਂ ਤੂਫ਼ਾਨ ਮੇਲ ਦਾ ਵਕਤ ਬਦਲ ਗਿਆ ਹੈ। ਹੁਣ ਉਹ ਇਕ ਘੰਟਾ ਪਹਿਲਾਂ ਚਲ ਜਾਂਦੀ ਹੈ, ਨਵਾਂ ਟਾਇਮ ਟੇਬਲ ਲਓ।

ਕੁਲ ਭੂਸ਼ਣ--ਸੁਤੰਤ੍ਰ ਭਾਰਤ ਕੇ ਅਯੋਗਯ ਅਧਿਕਾਰੀ ਕਰਮ ਚਾਰੀਓਂ ਨੇ ਆਜ ਹਮਾਰੀ ਯਾਤਰਾ ਮੇਂ ਵਿਘਨ ਉਪਸਥਿਤ ਕਰ ਦੀਆ। ਅੱਛਾ, ਅੱਬ ਦ੍ਵਿਤੀਯ ਦਿਵਸ ਪ੍ਰਸਥਾਨ ਕਰੇਂਗੇ।

(ਜਾਂਦਾ ਹੈ)

## ਝਾਕੀ ਪੰਜਵੀਂ

{ਕੁਲ ਭੂਸ਼ਣ ਦੀ ਕੋਠੀ। ਘਰ ਦੇ ਬੰਦ ਬੂਹੇ ਨੂੰ ਦਸਤਕ ਦੇਂਦਾ ਨਜ਼ਰ ਆ ਰਿਹਾ ਹੈ}

ਅੰਦਰੋਂ ਅਵਾਜ਼...ਕੌਣ ਹੈ ?

ਕੁਲ ਭੂਸ਼ਣ—(ਖਿਝਿਆ ਜੇਹਾ) ਹਮ ਹੈਂ ਹਮ, ਔਰ ਕੌਣ ਹੈ?

ਕਿਸ਼ੋਰ ਦੀ ਮਾਂ (ਬੂਹਾ ਖੋਲ੍ਹ ਕੇ) ਜਾ ਆਏ ਲਖਨਊ ? ਨਾ-ਨਾ ਅਗੋਂ ਲਖਸ਼ਮਨ ਪੁਰ ?

ਕੁਲ ਭੂਸ਼ਨ—ਸ੍ਰੀ ਮਤੀ ਜੀ, ਅਯੋਗਯ ਕਰਮਚਾਰੀਓਂ ਕੀ ਅਯੋਗਯ ਗਤੀ ਸੇ ਆਜ ਕੀ ਯਾਤਰਾ ਮੁਝੇ ਸਥਿਗਤ ਕਰਨੀ ਪੜੀ। ਲੋਹ-ਪਥ--ਗਾਮਿਨੀ ਸਮਯ ਕੇ ਪੂਰਵ ਹੀ ਪ੍ਰਸਥਾਨ ਕਰ ਗਈ।

ਕਿਸ਼ੋਰ ਦੀ ਮਾਂ--(ਮੁਸਕਰਾਂਦੀ ਹੋਈ) ਮੈਨੂੰ ਤਾਂ ਪਹਿਲਾਂ ਹੀ ਪਤਾ ਸੀ ਕਿ ਨਾ ਤੁਸਾਂ ਆਪਣੀ ਸਿਧੀ ਸਾਦੀ ਜ਼ਬਾਨ ਵਿਚ ਗੱਲ ਕਰਨੀ ਏ ਤੇ ਨਾ ਹੀ ਤੁਹਾਡੀ ਹਮਕੀ-ਤੁਮਕੀ ਕਿਸੇ ਨੇ ਸਮਝਣੀ ਏਂ। ਆਓ, ਬੈਠੋ; ਹਵੇ ਸਾਨੂੰ ਦੋਹਾਂ ਮਾਂ ਪੁਤ੍ਰ

ਨੂੰ ਗਾਲ੍ਹਾਂ ਹੁਣ ਠੇਠ ਪੰਜਾਬੀ ਵਿਚ।

(ਕਿਸ਼ੋਰ ਨੂੰ ਆਉਂਦਾ ਵੇਖ ਕੇ)

ਫੱਟ–ਮਾ ਆਏ ਨੇ ਤੇਰੇ ਭਾਪਾ ਜੀ, ਨਾ ਨਾ ਪੂਜਯ ਪਿਤਾ ਜੀ, ਲਖਸ਼ਮਨ ਪੁਰ।

(ਵਿਅੰਗ ਭਰੀ ਹਾਸੀ ਹਸਦੀ ਹੈ)

ਲ ਭੂਸ਼ਣ–( ਖਿਸਿਆਨਾ ਜੇਹਾ ) ਆਜ ਨਹੀਂ ਤੋਂ ਪ੍ਰਾਤਹ ਅਵੱਸ਼ਯਮੇਵ ਪ੍ਰਸਥਾਨ ਕਰੂੰਗਾ। ਲਖਸ਼ਮਨ ਪੁਰ ਜਾਊਂਗਾ ਔਰ ਅਵੱਸ਼ਯ ਜਾਊਂਗਾ।

(ਪਰ ਰੋਹ ਚੜ੍ਹੇ ਹੋਏ ਤੋਂ ਗਾਲਾਂ ਫਿਰ ਪੰਜਾਬੀ ਵਿਚ ਹੀ ਨਿਕਲ ਜਾਂਦੀਆਂ ਹਨ)

—ਪਰਦਾ—

[library stamp] 51654

ਪ੍ਰੋਫੈਸਰ (ਡਾ.) ਸੁਰਿੰਦਰ ਸਿੰਘ ਕੋਹਲੀ
ਦੇ ਪਰਿਵਾਰ ਵਲੋਂ ਭੇਟਾ